
# ਅੰਮ੍ਰਿਤ ਕੀਰਤਨ

ਅੰਕ 10 ਸਾਲ ਪੰਜਵਾਂ ਅਕਤੂਬਰ, 1993




ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 10 ਸਾਲ ਪੰਜਵਾਂ ਅਕਤੂਬਰ, 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੂਪਏ
ਜੀਵਨ ਮੈਂਬਰ 5000 ਰੁਪਏ

1] ਗੁਰਮਤਿ ਸੰਗੀਤ ਉਤਪਤੀ ਤੇ ਵਿਕਾਸ 1
—ਡਾ. ਹਰਜਸ ਕੌਰ

2] ਕੀਰਤਨ ਦੀਆਂ ਮਹਾਨ ਰਵਾਇਤਾ ਬਹਾਲ ਕਰੋ 9
—ਸ. ਪੂਰਨ ਸਿੰਘ ਵੈਨਕੂਵਰ

3] ਸੰਗੀਤ ਵਿਚ ਛੁਪਿਆ ਸਿਹਤ ਦਾ ਰਾਜ 11
—ਡਾ. ਤੀਰਥ ਸਿੰਘ

4] ਪ੍ਰੇਮ 14
—ਭਾਈ ਮੋਹਨ ਸਿੰਘ ਵੈਦ

5] ਸ਼ੇਖ ਫਰੀਦ ਜੀ ਦੀ ਬਾਣੀ 18
—ਅਚਾਰਿਆ ਰਜਨੀਸ਼ ਦੀਆਂ ਟਿੱਪਣੀਆਂ

6] ਰਾਗ ਬਿਲਾਵਲ 21
— ਜੀ.ਐਸ. ਸਰਦਾਰ

7] ਕੈਸਟ ਸਮੀਖਿਆ 24
—ਹਰਚਰਨ ਸਿੰਘ

8] ਕੀਰਤਨ ਕਲਾਸਾਂ 27

9] ਸੌ ਸਾਲ ਪੁਰਾਣੇ ਗਵੱਈਏ 29
—ਪ੍ਰੋ ਪਿਆਰਾ ਸਿੰਘ ਪਦਮ

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਗੁਰਮਤਿ ਸੰਗੀਤ
# ਉਤਪਤੀ ਤੇ ਵਿਕਾਸ

ਡਾ: ਹਰਜਸ ਕੌਰ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਖਸਮ ਦਾ ਢਾਢੀ[1] ਆਖਦਿਆਂ ਉਸ ਖਾਲਕ ਦੇ ਆਦੇਸ਼[2] ਨੂੰ ਲੋਕਾਂ ਤੱਕ ਸੰਚਾਰਿਤ ਕਰਨ ਲਈ ਸ਼ਬਦ ਕੀਰਤਨ ਨੂੰ ਮਾਧਿਅਮ ਬਣਾਇਆ। ਇਸ ਸ਼ਬਦ ਕੀਰਤਨ ਵਿਚ ਸੰਗੀਤ ਦੁਆਰਾ ਖਸਮ ਦੀ ਬਾਣੀ[3] ਨੂੰ ਸਰਬ ਲੋਕਾਈ ਤਕ ਸੰਚਾਰਿਤ ਕਰਨ ਲਈ ਮੌਲਿਕ ਅਤੇ ਵਿਲੱਖਣ ਰੂਪ ਵਿਚ ਇਸਤੇਮਾਲ ਕੀਤਾ ਗਿਆ ਹੈ। ਸ਼ਬਦ ਕੀਰਤਨ ਦੀ ਇਸ ਸਮੁੱਚੇ ਵਿਧੀ ਵਿਧਾਨ ਅਤੇ ਪ੍ਰਸਤੁਤੀ ਪ੍ਰਕ੍ਰਿਆ ਨੂੰ 'ਗੁਰਮਤਿ ਸੰਗੀਤ' ਵਜੋਂ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਆਮਦ ਅਤੇ ਬਾਣੀ ਦੀ ਪ੍ਰਸਤੁਤੀ ਦੋਹਾਂ ਵਿਚ ਸੰਗੀਤ ਦਾ ਖਾਸ ਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਪ੍ਰਸਤੁਤੀ ਲਈ ਸੰਗੀਤ ਦਾ ਸਾਥ ਕਰਨ ਲਈ ਕੁਸ਼ਲ ਰਬਾਬੀ ਭਾਈ ਮਰਦਾਨੇ ਨੂੰ ਆਪਣਾ ਸੰਗੀ ਚੁਣਿਆ[4]।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਰਜਣ ਪ੍ਰਕ੍ਰਿਆ ਅਤੇ ਸੰਗੀਤ ਦੇ ਗਹਿਰੇ ਸੰਬੰਧ

---

1. ਖਾਲਕ ਕਉ ਆਦੇਸ ਢਾਢੀ ਗਾਵਣਾ ॥

    (ਵਾਰ ਮਾਝ, ਪਉੜੀ 21, **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 148)

2. ਹਉ ਆਪਹੁ ਬੋਲਿ ਨ ਜਾਣਦਾ
    ਮੈ ਕਹਿਆ ਸਭ ਹੁਕਮਾਉ ਜੀਉ ॥

    (ਮਹਲਾ ੫, **ਸ੍ਰੀ ਗੁਰ ਗ੍ਰੰਥ ਸਾਹਿਬ**, ਪੰਨਾ 763)

3. ਜੈਸੀ ਮੈ ਆਵੈ ਖਸਮ ਕੀ ਬਾਣੀ
    ਤੈਸੜਾ ਕਰੀ ਗਿਆਨ ਵੇ ਲਾਲੋ ॥

    (ਮਹਲਾ ੧, **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 722)

4. ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ ॥

    (**ਭਾਈ ਗੁਰਦਾਸ ਦੀਆਂ ਵਾਰਾਂ**, ਵਾਰ 11ਵੀਂ, ਪਉੜੀ 13ਵੀਂ)

ਦੇ ਅਨੇਕ ਪ੍ਰਮਾਣ ਜਨਮ ਸਾਖੀਆਂ ਵਿਚ ਉਪਲੱਬਧ ਹੁੰਦੇ ਹਨ[1]। ਇਹਨਾਂ ਪ੍ਰਸੰਗਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਅਵਤਰਣ ਸਮੇਂ ਸੰਗੀਤ ਇਕ ਮਾਧਿਅਮ ਵਜੋਂ ਆਪ ਮੁਹਾਰੇ ਹੀ ਧੁਨੀਮਾਨ ਹੁੰਦਾ ਹੈ। ਇਥੇ ਸ਼ਬਦ ਅਤੇ ਸੰਗੀਤ ਅਲੱਗ-ਅਲੱਗ ਨਹੀਂ ਜਾਪਦੇ ਸਗੋਂ ਇਹ ਬਾਣੀ ਰੂਪ ਸ਼ਬਦ ਅਤੇ ਸੰਗੀਤ ਦੀ ਸੰਯੁਕਤ/ਸੰਮਿਲਤ ਪੇਸ਼ਕਾਰੀ ਵਜੋਂ ਪ੍ਰਭੂ ਕੀਰਤਨ ਵਜੋਂ ਮੂਰਤੀਮਾਨ ਹੋ ਰਿਹਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਰਜਣ ਪ੍ਰਕ੍ਰਿਆ ਅਤੇ ਇਸਦੀ ਪ੍ਰਥਮ ਪ੍ਰਸਤੁਤੀ ਗੁਰਮਤਿ ਸੰਗੀਤ ਪਰੰਪਰਾ ਦੀ ਉਤਪਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਕਿਸੇ ਨਵੀਨ ਅਸਥਾਨ ਤੇ ਜਾਂਦੇ ਉਥੇ ਸਰਬ ਪ੍ਰਥਮ ਸ਼ਬਦ ਕੀਰਤਨ ਦੀ ਧੁਨੀ ਗੁੰਜਾਰਿਤ ਕਰਦੇ ਇਸ ਸੰਬੰਧ ਵਿਚ ਵੀ ਅਨੇਕ ਸਾਖੀਆਂ[2] ਉਪਲੱਬਧ ਹੁੰਦੀਆਂ ਹਨ। ਬਾਣੀ ਦੀ ਇਹ ਪ੍ਰਸਤੁਤੀ ਉਸ ਸਥਾਨ ਦੇ ਲੋਕਾਂ ਨੂੰ ਉਪਦੇਸ਼ ਦੇਣ ਹਿੱਤ ਕੀਤੀ ਜਾਂਦੀ ਸੀ ਅਤੇ ਸੰਚਾਰ ਦਾ ਮਾਧਿਅਮ ਸੰਗੀਤ ਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਬਾਣੀ ਦੇ ਸੰਚਾਰ ਲਈ ਭਿੰਨ-ਭਿੰਨ ਸ਼ੈਲੀਆਂ, ਭਿੰਨ-ਭਿੰਨ ਰਾਗਾਂ ਦਾ ਪ੍ਰਯੋਗ ਕਰਨਾ ਇਸ ਤੱਥ ਨੂੰ ਹੋਰ ਵੀ ਸਪਸ਼ਟ ਕਰਦਾ ਹੈ ਕਿ ਆਪ ਨੇ **ਆਪਣੀ ਸੰਗਤ ਸਰੋਤ ਸ਼੍ਰੇਣੀ ਦੇ ਪੱਧਰ** 'ਤੇ ਮਾਨਸਿਕਤਾ ਨੂੰ ਮੁੱਖ ਰੱਖਿਆ।

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਗੁਰਮਤਿ ਸੰਗੀਤ ਦੀ ਉਤਪਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਹੋਈ। ਗੁਰਮਤਿ ਸੰਗੀਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨਾਂ ਦੇ ਸਮੇਂ ਨਿਰੰਤਰ ਵਿਕਾਸ ਦਾ ਧਾਰਣੀ ਰਿਹਾ ਹੈ। ਵੱਖ-ਵੱਖ ਗੁਰੂ ਸਾਹਿਬਾਨਾਂ ਨੇ ਇਸ ਪਰੰਪਰਾ ਵਿਚ ਬਾਣੀ ਅਤੇ ਸੰਗੀਤ ਦੇ ਵਿਭਿੰਨ ਰੂਪਾਂ ਦੁਆਰਾ ਇਸ ਪਰੰਪਰਾ ਨੂੰ ਪ੍ਰਫੁੱਲਿਤ ਕੀਤਾ ਅਤੇ ਗੁਰਮਤਿ ਸੰਗੀਤ ਪ੍ਰਬੰਧ ਨੂੰ ਵਿਵਹਾਰਕ ਕ੍ਰਮ ਦੁਆਰਾ ਦ੍ਰਿੜਾਇਆ। ਇਸਦੇ ਵਿਕਾਸ ਦੀ ਗਾਥਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ

---

1. ਤਬ ਬਾਬੇ ਆਖਿਆ : 'ਮਰਦਾਨਿਆ ; ਸ਼ਬਦ ਚਿਤਿ ਕਰਿ,
ਤਉ ਬਾਝੁ ਬਾਣੀ ਸਿਰ ਨਹੀਂ ਆਵਦੀ। ਤਬਿ ਗੁਰੂ ਬਾਬੇ ਆਖਿਆ,
'ਮਰਦਾਨਿਆ ਰਬਾਬ ਵਜਾਇ'।
(ਭਾਈ ਵੀਰ ਸਿੰਘ, **ਸ੍ਰੀ ਗੁਰੂ ਨਾਨਕ ਚਮਤਕਾਰ ਪੁਰਬਾਰਧ**, ਪੰਨਾ 306)

2. ਢਾਢੀ ਕੋ ਗੁਰ ਕਹਿਉ ਅਲਾਇ।
ਹੇ ਮਰਦਾਨਾ ਤਾਰ ਬਜਾਇ।
ਸ੍ਰੀ ਸਤਿਗੁਰ ਤਬ ਸ਼ਬਦ ਉਚਾਰਾ।
ਰਾਗ ਵਡਹੰਸੇ ਲਗੈ ਪਿਆਰਾ।
(**ਜਨਮਸਾਖੀ ਸ੍ਰੀ ਗੁਰੂ ਨਾਨਕ ਸ਼ਾਹ ਕੀ**, ਸੰਤ ਦਾਸ ਛਿਬਰ,
ਸੰਪਾ: ਡਾ. ਗੁਰਦੇਵ ਸਿੰਘ, ਪੰਨਾ 174)

ਪ੍ਰਾਰੰਭ ਹੋ ਕੇ ਦਸਾਂ ਗੁਰੂਆਂ ਦੇ ਜੀਵਨ ਕਾਲ ਤੱਕ ਫੈਲੀ ਹੋਈ ਹੈ। ਇਸ ਪਰੰਪਰਾ ਦੇ ਵਿਕਾਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਵੱਖ-ਵੱਖ ਗੁਰੂ ਸਹਿਬਾਨਾਂ ਦੇ ਸੰਦਰਭ ਵਿਚ ਲੜੀਵਾਰ ਵਿਚਾਰਿਆ ਜਾ ਸਕਦਾ ਹੈ :

## ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਰਮਤਿ ਸੰਗੀਤ ਦਾ ਆਰੰਭ ਕੀਤਾ। ਆਪ ਨੇ ਆਪਣੀ ਬਾਣੀ ਦੇ ਉਚਾਰਨ ਲਈ ਵਿਭਿੰਨ ਰਾਗਾਂ ਤੇ ਗਾਇਨ ਰੂਪਾਂ ਦਾ ਪ੍ਰਯੋਗ ਕੀਤਾ।

**ਰਾਗ :** 1. ਸਿਰੀ 2. ਮਾਝ 3. ਗਉੜੀ (ਗਉੜੀ ਗੁਆਰੇਰੀ, ਗਉੜੀ ਦਖਣੀ, ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ) 4 ਆਸਾ (ਆਸਾ ਕਾਫੀ) 5. ਗੂਜਰੀ 6. ਵਡਹੰਸ (ਵਡਹੰਸ ਦਖਣੀ), 7 ਸੋਰਠਿ, 8. ਧਨਾਸਰੀ, 9. ਤਿਲੰਗ, 10. ਸੂਹੀ (ਸੂਹੀ ਕਾਫੀ), 11. ਬਿਲਾਵਲ (ਬਿਲਾਵਲ ਦਖਣੀ), 2. ਰਾਮਕਲੀ (ਰਾਮਕਲੀ ਦਖਣੀ), 13. ਮਾਰੂ (ਮਾਰੂ ਦਖਣੀ), 14. ਤੁਖਾਰੀ, 15, ਭੈਰਉ, 16. ਬਸੰਤ, 17. ਸਾਰੰਗ, 18. ਮਲਾਰ, 19. ਪ੍ਰਭਾਤੀ (ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ)

**ਗਾਇਨ ਰੂਪ :**—ਅਸ਼ਟਪਦੀ ਪਦੇ, ਛੰਤ, ਵਾਰ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ (ਜੋ ਅੱਜਕਲ੍ਹ ਪਾਕਿਸਤਾਨ ਵਿਚ ਹੈ) ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ ਜਿਸ ਵਿਚ ਕੀਰਤਨ ਦੀ ਪਰੰਪਰਾ ਨੂੰ ਸੰਸਥਾਗਤ ਰੂਪ ਪ੍ਰਦਾਨ ਕੀਤਾ ਗਿਆ*।

## ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਪਰੰਪਰਾ ਦਾ ਸੰਸਥਾਗਤ ਰੂਪ ਵਿਚ ਪ੍ਰਚਲਨ ਕੀਤਾ। ਇਸ ਸੰਬੰਧ ਵਿਚ ਕੀਰਤਨ ਦਾ ਵਿਵਹਾਰਕ ਪਰੰਪਰਾਗਤ ਪ੍ਰਯੋਗ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸਲੋਕਾਂ ਦੇ ਰੂਪ ਵਿਚ ਸਿਰੀ, ਮਾਝ, ਆਸਾ, ਸੋਰਠਿ, ਸੂਹੀ, ਰਾਮਕਲੀ, ਮਾਰੂ, ਸਾਰੰਗ, **ਮਲਾਰ,** ਰਾਗ ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਮਰਦਾਨੇ ਦਾ ਪੁੱਤਰ ਭਾਈ ਸਜਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਸੱਤਾ ਅਤੇ ਬਲਵੰਤ ਸਵੇਰੇ ਸ਼ਾਮ ਗੁਰਬਾਣੀ ਕੀਰਤਨ ਦੀ ਪਰੰਪਰਾ ਕਾਇਮ ਰੱਖ ਰਹੇ ਸਨ।

---

*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ ॥

(**ਭਾਈ ਗੁਰਦਾਸ ਦੀਆਂ ਵਾਰਾਂ**, ਵਾਰ ੩੮ਵੀਂ, ਪਉੜੀ ੧)

## ਸ੍ਰੀ ਗੁਰੂ ਅਮਰਦਾਸ ਜੀ

ਸਿੱਖਾਂ ਦੇ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬਿਰਧ ਅਵਸਥਾ ਵਿਚ ਬਾਣੀ ਦੀ ਰਚਨਾ ਕੀਤੀ ਜੋ ਆਪ ਜੀ ਦਾ ਗੁਰਮਤਿ ਸੰਗੀਤ ਪ੍ਰਤੀ ਵਰਨਣਯੋਗ ਯੋਗਦਾਨ ਹੈ।

**ਰਾਗ :**– **1.** ਸਿਰੀ, **2.** ਮਾਝ, **3.** (ਗਉੜੀ ਗੁਆਰੇਰੀ, ਗਉੜੀ ਬੈਰਾਗਣਿ, ਗਉੜੀ ਪੂਰਬੀ), **4.** ਆਸਾ (ਆਸਾ ਕਾਫੀ) **5.** ਗੂਜਰੀ, **6.** ਵਡਹੰਸ, **7.** ਸੋਰਠਿ, **8.** ਧਨਾਸਰੀ, **9.** ਸੂਹੀ, **10.** ਬਿਲਾਵਲ, **11.** ਰਾਮਕਲੀ, **12.** ਮਾਰੂ, **13.** ਭੈਰਉ, **14.** ਬਸੰਤ (ਬਸੰਤ ਹਿੰਡੋਲ), **15.** ਸਾਰੰਗ, **16.** ਮਲਾਰ, **17** ਪ੍ਰਭਾਤੀ (ਪ੍ਰਭਾਤੀ ਬਿਭਾਸ)।

**ਗਾਇਨ ਰੂਪ :**—ਪਦੇ, ਅਸਟਪਦੀ ਛੰਤ, ਸੋਹਲੇ, ਵਾਰ।

ਸ੍ਰੀ ਗੁਰੂ ਅਮਰਦਾਸ ਜੀ ਦੀ ਰਾਮਕਲੀ ਰਾਗ ਅਧੀਨ 'ਅਨੰਦ ਸਾਹਿਬ' ਦੀ ਰਚਨਾ ਮਹਾਨ ਰਚਨਾ ਹੈ ਜੋ ਸਿੱਖ ਧਰਮ ਵਿਚ ਨਿਤਨੇਮ ਦੀਆਂ ਬਾਣੀਆਂ ਵਿਚੋਂ ਇਕ ਹੈ ਅਤੇ ਹਰ ਸਮਾਗਮ ਦੇ ਅੰਤ 'ਤੇ ਇਸਦੇ ਗਾਇਨ ਕਰਨ ਦੀ ਪ੍ਰਥਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਤੋਂ ਬਿਨਾਂ ਡੱਲਾ ਸਥਾਨ ਦੇ ਨਿਵਾਸੀ ਭਾਈ ਪਾਂਧਾ ਅਤੇ ਬੂਲਾ ਰਬਾਬੀ ਗੁਰਬਾਣੀ ਦਾ ਗਾਇਨ ਕਰਦੇ ਸਨ।

'ਕਾਨੂੰਨੇ ਮੌਸੀਕੀ' ਪੁਸਤਕ ਦੇ ਕਰਤਾ ਨੇ ਪੰਨਾ 306 ਉਤੇ ਇਸਦਾ ਉਲੇਖ ਕੀਤਾ ਹੈ ਕਿ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਨੇ 'ਸਾਰੰਦਾ' ਸਾਜ਼ ਦਾ ਨਿਰਮਾਣ ਕੀਤਾ[1]।

## ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਗੁਰੂਆਂ ਦੁਆਰਾ ਚਲਾਈ ਗੁਰਬਾਣੀ ਕੀਰਤਨ ਪਰੰਪਰਾ ਨੂੰ ਹੋਰ ਵਿਕਸਿਤ ਕੀਤਾ। ਆਪ ਜੀ ਨੇ ਵਿਭਿੰਨ ਰਾਗਾਂ ਅਤੇ ਗਾਇਨ ਰੂਪਾਂ ਅੰਤਰਗਤ ਬਾਣੀ ਦਾ ਉਚਾਰਨ ਕੀਤਾ।

**ਰਾਗ :**—**1.** ਸਿਰੀ, **2.** ਮਾਝ, **3.** ਗਉੜੀ (ਗਉੜੀ ਗੁਆਰੇਰੀ, ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ), **4.** ਆਸਾ (ਆਸਾਵਰੀ, ਆਸਾ ਕਾਫੀ), **5.** ਗੂਜਰੀ, **6.** ਦੇਵਗੰਧਾਰੀ, **7.** ਬਿਹਾਗੜਾ, **8.** ਵਡਹੰਸ, **9.** ਸੋਰਠਿ, **10.** ਧਨਾਸਰੀ, **11.** ਜੈਤਸਰੀ, **12.** ਟੋਡੀ, **13.** ਬੈਰਾੜੀ,

---

1. ਹਵਾਲਾ ਤਾਰਾ ਸਿੰਘ (ਪ੍ਰੋ) ਭੂਮਿਕਾ **ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ।**

14. ਤਿਲੰਗ, 15. ਸੂਹੀ, 16. ਬਿਲਾਵਲ, 17. ਰਾਮਕਲੀ, 18. ਨਟ ਨਾਰਾਇਣ (ਨਟ), 19. ਗੌਂਡ, 20. ਮਾਲੀਗਉੜਾ, 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ, 25. ਬਸੰਤ, 26. ਸਾਰੰਗ, 27. ਮਲਾਰ, 28. ਕਾਨੜਾ, 29. ਕਲਿਆਣ (ਕਲਿਆਣ ਭੋਪਾਲੀ), 30. ਪ੍ਰਭਾਤੀ (ਪ੍ਰਭਾਤੀ ਬਿਭਾਸ)।

**ਗਾਇਨ ਰੂਪ** :—ਪਦੇ, ਅਸਟਪਦੀ, ਪੜਤਾਲ, ਘੋੜੀਆਂ, ਛੰਤ, ਵਾਰ।

ਸ੍ਰੀ ਗੁਰੂ ਰਾਮਦਾਸ ਜੀ ਨੇ 'ਪੜਤਾਲ' ਨਾਮਕ ਸ਼ਾਸਤਰੀ ਸ਼ੈਲੀ ਜੋ ਤਾਲ 'ਤੇ ਆਧਾਰਿਤ ਹੈ ਨੂੰ ਜਨਮ ਦਿੱਤਾ। ਪੜਤਾਲ ਗਾਇਨ ਸ਼ੈਲੀ ਅਨੁਸਾਰ ਸ਼ਬਦ ਦੀ ਸਥਾਈ ਦੀ ਤੁਕ ਵਿਚ ਇਕੋ ਤਾਲ ਵਰਤਿਆ ਜਾਂਦਾ ਹੈ ਅਤੇ ਵੱਖ-ਵੱਖ ਅੰਤਰਿਆਂ ਤੇ ਵੱਖ-ਵੱਖ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇਕ ਹੀ ਰਹਿੰਦਾ ਹੈ। ਪੜਤਾਲ ਸ਼ੈਲੀ ਗੁਰਬਾਣੀ ਸੰਗੀਤ ਲਈ ਹੀ ਨਹੀਂ ਸਗੋਂ ਭਾਰਤੀ ਸੰਗੀਤ ਵਿਚ ਵੀ ਮਹਾਨਤਾ ਅਤੇ ਵਿਲੱਖਣਤਾ ਦੀ ਧਾਰਣੀ ਹੈ। ਸ੍ਰੀ ਗੁਰੂ ਰਾਮ ਦਾਸ ਜੀ ਦੀਆਂ 7 ਰਾਗਾਂ ਅਧੀਨ 19 ਪੜਤਾਲਾਂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ। ਲੋਕ-ਕਾਵਿ ਰੂਪ ਛੰਤ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਵਿਸ਼ਿਸ਼ਟ ਉੱਤਮਤਾ ਦੀ ਧਾਰਣੀ ਹੈ ਜਿਹਨਾਂ ਦਾ ਬਾਅਦ ਵਿਚ 'ਆਸਾ ਦੀ ਵਾਰ' ਵਿਚ ਗਾਇਨ ਕੀਤਾ ਜਾਣ ਲੱਗਾ।

ਸ੍ਰੀ ਗੁਰੂ ਰਾਮ ਦਾਸ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਪ੍ਰਸਿੱਧ ਕੀਰਤਨੀਏ ਸਵੇਰੇ ਸ਼ਾਮ ਕੀਰਤਨ ਕਰਦੇ ਸਨ।

## ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਕੀਰਤਨ ਰਾਹੀਂ ਸ਼ਾਸਤਰੀ ਸੰਗੀਤ ਦਾ ਖ਼ੂਬ ਪ੍ਰਚਾਰ ਕੀਤਾ। ਆਪ ਨੇ ਵਿਭਿੰਨ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ।

**ਰਾਗ** :—1. ਸਿਰੀ, 2. ਮਾਝ, 3. ਗਉੜੀ (ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ), 4. ਆਸਾ (ਆਸਾ ਕਾਫੀ, ਆਸਾਵਰੀ), 5. ਗੂਜਰੀ, 6. ਦੇਵਗੰਧਾਰੀ (ਦੇਵਗੰਧਾਰੀ), 7. ਬਿਹਾਗੜਾ, 8. ਸੋਰਠਿ, 9. ਵਡਹੰਸ, 10. ਧਨਾਸਰੀ, 11. ਜੈਤਸਰੀ, 12. ਟੋਡੀ, 13. ਬੈਰਾੜੀ, 14. ਤਿਲੰਗ, 15. ਸੂਹੀ, 16. ਬਿਲਾਵਲ 17. ਗੌਂਡ, 18. ਰਾਮਕਲੀ, 19. ਨਟ ਨਾਰਾਇਣ (ਨਟ), 20. ਮਾਲੀਗਉੜਾ, 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ, 25. ਬਸੰਤ, 26. ਸਾਰੰਗ, 27. ਮਲਾਰ,

28. ਕਾਨੜਾ, 29. ਕਲਿਆਣ, 30. ਪ੍ਰਭਾਤੀ (ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ)।

**ਗਾਇਨ ਰੂਪ :**—ਪਦੇ, ਅਸਟਪਦੀ, ਪੜਤਾਲ, ਛੰਤ, ਵਾਰ, ਸੋਹਲੇ, ਅੰਜੁਲੀਆਂ।

ਵਰਤਮਾਨ ਸਮੇਂ ਦੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਦੇਣ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਆਧਾਰ ਰਾਗਾਤਮਕ ਹੈ ਜੋ ਵਿਸ਼ਵ ਦੇ ਧਾਰਮਿਕ ਗਰੰਥਾਂ ਤੋਂ ਵਿਲੱਖਣਤਾ ਦਾ ਧਾਰਣੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਭਾਈ ਸੱਤਾ ਅਤੇ ਬਲਵੰਡ ਤੋਂ ਬਿਨਾਂ ਭਾਈ ਕਿਦਾਰ, ਝਾਝੂ ਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀਆਂ ਨੇ ਗੁਰਬਾਣੀ ਸੰਗੀਤ ਰਾਹੀਂ ਸ਼ਾਸਤਰੀ ਸੰਗੀਤ ਦਾ ਖੂਬ ਪ੍ਰਚਾਰ ਕੀਤਾ। ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਕਿਸੀ ਕਾਰਣ ਭਾਈ ਸੱਤਾ ਅਤੇ ਬਲਵੰਡ ਗੁਰੂ ਸਾਹਿਬਾਂ ਨਾਲ ਨਾਰਾਜ਼ ਹੋ ਗਏ। ਇਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਧਾਰਨ ਸਿੱਖ ਸੰਗਤ ਨੂੰ ਕੀਰਤਨ ਕਰਨ ਦਾ ਆਦੇਸ਼ ਦਿੱਤਾ। ਇਸ ਤੇ ਅਸਿਖਿਅਕ ਸਾਧਾਰਨ ਸਿੱਖ ਸੰਗਤ ਨੇ ਲੋਕ ਸੰਗੀਤ ਵਜੋਂ ਗੁਰਬਾਣੀ ਦਾ ਗਾਇਨ ਸ਼ੁਰੂ ਕੀਤਾ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਬਾਣੀ ਕੀਰਤਨ ਕ੍ਰਿਆਤਮਕ ਤੌਰ 'ਤੇ ਰਾਗੀ ਰਬਾਬੀ ਕਸਬੀ ਲੋਕ ਯਾਨਿ ਸੁਸਿਖਿਅਕ ਲੋਕ ਅਤੇ ਅਸਿਖਿਅਕ ਸਾਧਾਰਣ ਸਿੱਖ ਸੰਗਤ ਦੋ ਵਰਗਾਂ ਵਿਚ ਪ੍ਰਵੇਸ਼ ਹੋਇਆ। ਗੁਰਬਾਣੀ ਕੀਰਤਨ ਦੀਆਂ (ਸ਼ਾਸਤਰੀ+ਲੋਕ ਸੰਗੀਤ) ਦੋਵੇਂ ਪਰੰਪਰਾਵਾਂ ਉਦੋਂ ਤੋਂ ਲੈ ਕੇ ਹੁਣ ਤੱਕ ਉਸੇ ਤਰ੍ਹਾਂ ਚਲੀਆਂ ਆ ਰਹੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਬਾਣੀ ਦੇ ਕੀਰਤਨ ਲਈ ਸਰੰਦਾ, ਅਤੇ ਤਬਲਾ (ਜੋੜੀ) ਸਾਜ਼ ਦਾ ਪ੍ਰਯੋਗ ਕੀਤਾ ਜਾਣ ਲੱਗੇ ਇਸ ਤੋਂ ਪਹਿਲਾਂ ਰਬਾਬ ਅਤੇ ਮਾਧਿਅਮ ਵੀਣਾ (ਸਿਤਾਰ) ਅਤੇ ਤੰਬੂਰੇ ਦਾ ਪ੍ਰਯੋਗ ਜ਼ਿਆਦਾ ਹੁੰਦਾ ਸੀ।[1] ਸ੍ਰੀ ਗੁਰੂ ਅਰਜਨ ਦੇਵ ਜੀ ਸਾਰੰਦਾ ਸਾਜ਼ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਸਨ[2]।

## ਸ੍ਰੀ ਗੁਰੂ ਹਰਗੋਬਿੰਦ ਜੀ

ਸ੍ਰੀ ਗੁਰੂ ਹਰਗੋਬਿੰਦ ਜੀ ਨੇ ਸਿੱਖ ਗੁਰੂਆਂ ਦੁਆਰਾ ਚਲੀ ਆ ਰਹੀ ਕੀਰਤਨ ਪਰੰਪਰਾ ਨੂੰ ਉਸੇ ਤਰ੍ਹਾਂ ਕਾਇਮ ਰੱਖਿਆ। ਆਪ ਜੀ ਦੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਨੌਂ ਵਾਰਾਂ 'ਤੇ ਧੁਨੀਆਂ ਦੇ ਸਿਰਲੇਖ

1. ਨਰੂਲਾ, ਡੀ ਐਸ, **ਗੁਰੂ ਨਾਨਕ ਸੰਗੀਤਗਯ** ਪੰਨਾ 148।
2. **ਗੁਰਮਤਿ ਸੰਗੀਤ ਵਿਚ ਵਰਤੀਂਦੇ ਸਾਜ਼**, ਪਿਆਰਾ ਸਿੰਘ, ਸਿਮ੍ਰਤੀ ਗਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991.

ਲਿਖੇ ।[1] ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਧੁਨੀਆਂ ਦੇ ਸਿਰਲੇਖ ਅਨੁਸਾਰ ਬਾਰਾਂ ਦਾ ਗਾਇਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਮੇਂ ਕੀਤਾ ਜਾਂਦਾ ਸੀ ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਮੇਂ ਗੁਰਬਾਣੀ ਕੀਰਤਨ ਪਰੰਪਰਾ ਦੇ ਨਾਲ ਢਾਢੀ ਗਾਇਕੀ ਗੁਰੂ ਦਰਬਾਰ ਵਿਚ ਆਈ। ਭਾਈ ਨੱਥਾ ਅਤੇ ਅਬਦੁੱਲਾ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਦੇ ਪ੍ਰਸਿੱਧ ਢਾਢੀ ਅਤੇ ਰਬਾਬੀ ਸਨ । ਇਹਨਾਂ ਨੇ ਸਿੱਖ ਸੈਨਾ ਵਿਚ ਜੋਸ਼ ਪੈਦਾ ਕਰਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਾਈ ਬਾਬਕ ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਰਬਾਬੀ ਦੇ ਨਾਲ-ਨਾਲ ਮਹਾਨ ਯੋਧਾ ਵੀ ਸੀ ਜਿਹਨਾਂ ਨੇ ਅੰਮ੍ਰਿਤਸਰ ਦੀ ਜੰਗ ਵਿਚ ਵੱਡੀ ਵੀਰਤਾ ਦਿਖਾਈ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਹੀ ਵਾਰਾਂ ਦੇ ਗਾਇਨ ਲਈ ਬੀਰ ਰਸ ਪ੍ਰਦਾਨ ਕਰਨ ਹਿੱਤ ਸਾਰੰਗੀ ਸਾਜ਼ ਗੁਰੂ ਦਰਬਾਰ ਵਿਚ ਪ੍ਰਵੇਸ਼ ਹੋਇਆ ।

## ਸ੍ਰੀ ਗੁਰੂ ਹਰਰਾਇ ਜੀ, ਸ੍ਰੀ ਗੁਰੂ ਹਰਕਿਸ਼ਨ ਜੀ

ਸ੍ਰੀ ਗੁਰੂ ਹਰਰਾਇ ਜੀ ਅਤੇ ਸ੍ਰੀ ਗੁਰੂ ਹਰਕਿਸ਼ਨ ਜੀ ਪਰਸਥਿਤੀ ਅਨੁਕੂਲ ਨਾ ਹੋਣ ਕਾਰਨ ਬਾਣੀ ਦੀ ਰਚਨਾ ਨਹੀਂ ਕਰ ਸਕੇ ਪਰ ਇਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਕੀਰਤਨ ਦੀ ਰਹੁ ਰੀਤੀ ਨੂੰ ਬੜੇ ਪਿਆਰ ਅਤੇ ਸਤਿਕਾਰ ਨਾਲ ਕਾਇਮ ਰਖਿਆ ।

## ਸ੍ਰੀ ਗੁਰੂ ਤੇਗ ਬਹਾਦਰ ਜੀ

ਗੁਰੂ ਤੇਗ ਬਹਾਦਰ ਜੀ ਨੇ ਗੁਰਮਤਿ ਅਤੇ ਸੰਗੀਤ ਪ੍ਰਥਾ ਦੀਆਂ ਜੋ ਲੀਹਾਂ ਪਹਿਲੇ ਗੁਰੂਆਂ ਨੇ ਪਾਈਆਂ, ਉਹਨਾਂ ਨੂੰ ਹੋਰ ਪੱਕਾ ਕੀਤਾ । ਆਪ ਨੇ ਨਿਮਨਲਿਖਤ ਰਾਗਾਂ, ਗਾਇਨ ਰੂਪਾਂ ਵਿਚ ਬਾਣੀ ਦਾ ਉਚਾਰਨ ਕੀਤਾ ਜੋ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ ।

**ਰਾਗ :**—1. ਗਉੜੀ, 2. ਆਸਾ, 3. ਦੇਵਗੰਧਾਰ, 4. ਬਿਹਾਗੜਾ, 5. ਸੋਰਠਿ, 6. ਧਨਾਸਰੀ, 7. ਜੈਤਸਰੀ, 8. ਟੋਡੀ, 9. ਤਿਲੰਗ (ਤਿਲੰਗ ਕਾਫੀ) 10. ਬਿਲਾਵਲ, 11. ਰਾਮਕਲੀ, 12. ਮਾਰੂ, 13. ਬਸੰਤ (ਬਸੰਤ ਹਿੰਡੋਲ), 14. ਸਾਰੰਗ, 15. ਜੈਜਾਵੰਤੀ ।

**ਗਾਇਨ ਰੂਪ :**—ਪਦੇ, ਅਸਟਪਦੀ ।

ਸ੍ਰੀ ਗੁਰੂ ਗਰੰਥ ਗਾਹਿਬ ਵਿਚ ਰਾਗ ਜੈਜਾਵੰਤੀ ਅਧੀਨ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਉਪਲੱਬਦ ਹੈ ।

---

1. ਭਾਈ ਜੋਧ ਸਿੰਘ, **ਸ੍ਰੀ ਕਰਤਾਰਪੁਰ ਬੀੜ ਦੇ ਦਰਸ਼ਨ,** ਪੰਨਾ 72.

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਤ, ਕਵੀ, ਸੰਗੀਤਕਾਰ ਦੇ ਨਾਲ-ਨਾਲ ਇਕ ਮਹਾਨ ਵੀਰ ਯੋਧਾ ਸਨ ਜਿਹਨਾਂ ਨੇ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਦੇ ਹੋਏ ਸਿੱਖ ਕੌਮ ਅਤੇ ਸੰਗੀਤ ਨੂੰ ਨਵੀਂ ਸੇਧ ਪ੍ਰਦਾਨ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਰਚਨਾ ਦਾ ਸੰਗ੍ਰਹਿ 'ਦਸਮ ਗਰੰਥ' ਹੈ। ਸਿੱਖ ਧਰਮ ਵਿਚ 'ਆਦਿ ਗਰੰਥ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਬਾਅਦ ਦੂਸਰਾ ਵਿਸਤਰਿਤ ਗਰੰਥ 'ਦਸਮ ਗਰੰਥ' ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਗੀਤਕ ਪ੍ਰਤਿਭਾ ਅਤੇ ਪਰੰਪਰਾ ਅਨੁਸਾਰ ਗੁਰੂ ਜੀ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ ਜੋ ਗੁਰਮਤਿ ਅਨੁਸਾਰ ਕਵਿਤਾਵਾਂ ਦੀ ਰਚਨਾ ਕਰਦੇ ਸਨ। ਇਹਨਾਂ ਤੋਂ ਇਲਾਵਾ ਭਾਈ ਮੱਦੂ ਅਤੇ ਸੱਦੂ ਰਬਾਬੀ ਗੁਰੂ ਦਰਬਾਰ ਵਿਚ 'ਆਸਾ ਦੀ ਵਾਰ' ਦਾ ਕੀਰਤਨ ਕਰਦੇ ਸਨ[1]।

## ਸ੍ਰੀ ਗੁਰੂ ਗਰੰਥ ਸਾਹਿਬ ਜੀ

ਸਿੱਖ ਧਰਮ ਦੇ ਵਰਤਮਾਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਜੋ ਗੁਰਮਤਿ ਸੰਗੀਤ ਦਾ ਸਿਧਾਂਤਕ ਆਧਾਰ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਬਾਣੀ ਦਾ ਸੰਚਾਰ ਸੰਗੀਤ ਦੁਆਰਾ ਕਰਨ ਲਈ ਬਾਣੀ ਦੀ ਸੰਪਾਦਨਾ ਰਾਗਾਤਮਕ ਕੀਤੀ ਹੈ। ਇਸ ਵਿਚ ਵੱਖ-ਵੱਖ ਰਾਗਾਂ ਅਨੁਸਾਰ ਬਾਣੀ ਦੀ ਵੰਡ ਕੀਤੀ ਗਈ ਹੈ। ਰਾਗਾਂ ਅਧੀਨ ਪਹਿਲਾਂ ਸਨਾਤਨੀ (ਸ਼ਾਸਤਰੀ) ਫਿਰ ਲੋਕ (ਦੇਸੀ) ਕਾਵਿ ਰੂਪ/ਗਾਇਨ ਸ਼ੈਲੀਆਂ ਨੂੰ ਰਖਿਆ ਗਿਆ ਹੈ। ਇਹ ਰਾਗ ਪ੍ਰਬੰਧ, ਗੁਰਮਤਿ ਸੰਗੀਤ ਪ੍ਰਬੰਧ ਬਾਣੀ ਦੇ ਸੰਚਾਰ ਨੂੰ ਸੰਚਾਲਿਤ ਕਰਦਾ ਹੈ। ਇਸ ਬਾਣੀ ਪ੍ਰਬੰਧ, ਸੰਗੀਤ ਪ੍ਰਬੰਧ ਤੋਂ ਵਿਲਖਣ ਸੰਗੀਤ ਪਰੰਪਰਾ ਉਜਾਗਰ ਹੁੰਦੀ ਹੈ ਜਿਸਦਾ ਵਿਗਿਆਨਕ ਸਿਧਾਂਤਕ ਆਧਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ।

ਉਕਤ ਵਿਚਾਰ ਤੋਂ ਗੁਰਮਤਿ ਸੰਗੀਤ ਦੀ ਉਤਪਤੀ ਦੇ ਵਿਕਾਸ ਦੇ ਸੰਦਰਭ ਵਿਚ ਸਮੂਹ ਗੁਰੂ ਸਾਹਿਬਾਨ ਦੇ ਭਰਪੂਰ ਯੋਗਦਾਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮਹੱਤਵ ਭਲੀ-ਭਾਂਤ ਪ੍ਰਗਟ ਹੋ ਰਿਹਾ ਹੈ। ਇਸ ਵਿਚਾਰ ਤੋਂ ਸਪਸ਼ਟ ਰੂਪ ਵਿਚ ਇਹੋ ਸਿੱਧ ਹੁੰਦਾ ਹੈ ਕਿ ਗੁਰਮਤਿ ਸੰਗੀਤ ਪ੍ਰਬੰਧ ਦੀ ਨਿਵੇਕਲੀ ਹੋਂਦ ਜਿਥੇ ਇਸਦੇ ਵਿਵਹਾਰਕ ਰੂਪ ਸਦਕਾ ਉਜਾਗਰ ਹੁੰਦੀ ਹੈ ਉਥੇ ਇਸਦਾ ਸਿਧਾਂਤਕ ਆਧਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਹਨ। ਇਸ ਲਈ ਗੁਰਮਤਿ ਸੰਗੀਤ ਦੀ ਉਤਪਤੀ ਦੇ ਵਿਕਾਸ ਸਬੰਧੀ ਸ੍ਰੀ ਗੁਰੂ ਗਰੰਥ ਸਾਹਿਬ ਤੇ ਹੋਰ ਗਹਿਰੇ ਅਤੇ ਵਿਗਿਆਨਕ ਅਧਿਐਨ ਤੋਂ ਨਵੀਨ ਸਿੱਟਿਆਂ ਦੀ ਉਪਲੱਬਧੀ ਕਰ ਸਕਦੇ ਹਨ।

---

1. ਭਾਈ ਸੰਤੋਖ ਸਿੰਘ, **ਗੁਰਪ੍ਰਤਾਪ ਸੂਰਜ ਗਰੰਥ**, ਪੰਨਾ 577.

# ਕੀਰਤਨ ਦੀਆਂ ਮਹਾਨ ਰਵਾਇਤਾਂ ਬਹਾਲ ਕਰੋ

ਸ: ਪੂਰਨ ਸਿੰਘ ਵੈਨਕੂਵਰ

'ਅੰਮ੍ਰਿਤ ਕੀਰਤਨ' ਦੇ ਸੰਚਾਲਕਾਂ ਨੂੰ ਵਧਾਈ। ਇਸ ਨੂੰ ਉੱਚ ਪੱਧਰ ਦਾ ਰਸਾਲਾ ਬਨਾਉਣ ਦਾ ਜਤਨ ਕਰਦੇ ਰਹੋ। ਕੁੱਝ ਮਹੀਨੇ ਪਹਿਲਾਂ ਕਿਸੇ ਅੰਕ 'ਚ ਕੀਰਤਨ ਕੈਸਿੱਟਾਂ ਬਾਰੇ ਰਾਵਾਂ ਪੜ੍ਹਨ ਨਾਲ, ਮੇਰਾ ਵੀ ਜੀਅ ਕੀਤਾ ਕਿ ਕੁੱਝ ਦਿਲੀ ਵਲਵਲੇ ਆਪ ਜੀ ਦੇ ਅੱਗੇ ਰੱਖਾਂ।

1. ਅੱਜਕਲ੍ਹ ਨਵੇਂ-ਨਵੇਂ ਕੀਰਤਨੀਆਂ ਅਤੇ ਉਹਨਾਂ ਦੀਆਂ ਬਣੀਆਂ ਵੀਡੀਓ ਜਾਂ ਆਡੀਓ ਕੈਸਿੱਟਾਂ ਦੀ ਭਰਮਾਰ ਹੈ, ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹਨਾਂ ਵੀਡੀਓ ਕੈਸਿੱਟਾਂ ਦੁਆਰਾ ਗੁਰਮਤਿ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਗੁਰੂਆਂ ਦੀਆਂ ਮਨੋ-ਕਲਪਤ ਤਸਵੀਰਾਂ ਨੂੰ ਸ਼ਬਦ ਗਾਇਣ ਦੇ ਨਾਲ-ਨਾਲ ਦਿਖਾਉਣਾ ਮਨਮਤਿ ਹੈ। ਜਦ 'ਗੁਰਮੂਰਤ ਗੁਰੂ ਸ਼ਬਦ'' ਹੈ ਤਾਂ ਇਹਨਾਂ ਬੇ-ਢੱਬੀਆਂ ਕਲਪਤ ਤਸਵੀਰਾਂ ਦੀ ਪ੍ਰਦਰਸ਼ਨੀ ਕਿਉਂ ? ਇਕ ਪ੍ਰਸਿੱਧ ਰਾਗੀ ਸ਼ਬਦ ਗਾਇਣ ਕਰ ਰਹੇ ਸਨ ਅਤੇ ਜਦ ਵੀ ਗੁਰਬਾਣੀ ਵਿਚ ਆਏ ਰੱਬੀ ਵਿਸ਼ੇਸ਼ਣ ਨਾਂਵ 'ਰਾਮ' ਆਏ ਤਾਂ 'ਰਾਮਚੰਦਰ' ਦੀ ਤਸਵੀਰ ਦਿਖਾਈ ਜਾਂਦੀ ਸੀ। ਅਜਿਹੀ ਵੱਡੀ ਮਨਮਤ ਕਰਨ ਤੇ ਦੋਸ਼ੀ ਠਹਿਰਾਉਣਾ ਚਾਹੀਦਾ ਹੈ। ਸ਼ਬਦ ਗਾਇਨ ਸਮੇਂ ਇਤਿਹਾਸਕ ਅਸਥਾਨ ਦਿਖਾਏ ਜਾ ਸਕਦੇ ਹਨ ਨਾ ਕਿ ਕਲਪਤ ਤਸਵੀਰਾਂ।

2. ਸ਼ਬਦਾਂ ਨੂੰ ਫਿਲਮੀ ਧੁਨਾਂ ਉਤੇ ਗਾਉਣਾ ਵੀ ਗੁਰਮਤਿ ਦੀਆਂ ਕੀਰਤਨ ਰਵਾਇਤਾਂ ਨੂੰ ਅਲੋਪ ਕਰਨਾ ਹੈ। ਰਾਗਾਂ ਤੇ ਅਧਾਰਤ ਬਹੁਤ ਹੀ ਸੁੰਦਰ ਰੀਤਾਂ ਬਣਾਈਆਂ ਜਾ ਸਕਦੀਆਂ ਹਨ, ਪਰ ਮਿਹਨਤ ਦੀ ਲੋੜ ਹੈ। ਬਹੁਤ ਹੀ ਹਲਕੀਆਂ ਰੀਤਾਂ ਉਤੇ ਗਾਏ ਸ਼ਬਦ ਸੁਨਣ ਨਾਲ ਅਨੰਦ ਨਹੀਂ ਆਉਂਦਾ ਅਤੇ ਦੁਬਾਰਾ ਸੁਨਣ ਲਈ ਜੀਅ ਨਹੀਂ ਕਰਦਾ।

3. ਉੱਚ ਦਰਜੇ ਦੇ ਸੰਗੀਤਕਾਰ ਹਰਮੋਨੀਅਮ ਨੂੰ ਸਾਜ਼ ਨਹੀਂ ਮੰਨਦੇ। ਇਸ ਕਰਕੇ ਵੱਡੇ-ਵੱਡੇ ਫਿਲਮੀ ਸੰਗੀਤਕਾਰ ਸੰਗੀਤ ਦੇਣ ਸਮੇਂ ਤੰਤੀ ਸਾਜ਼ਾਂ ਦਾ ਹੀ ਜ਼ਿਆਦਾ ਪ੍ਰਯੋਗ ਕਰਦੇ ਹਨ। ਜਿਵੇਂ ਜ਼ਿਆਦਾਤਰ ਵਾਇਲਨ, ਸਰੰਗੀ, ਸਿਤਾਰ ਆਦਿ। ਸਿੱਖਾਂ ਨੂੰ ਵੀ ਗੁਰਬਾਣੀ ਗਾਇਨ ਸਮੇਂ ਤੰਤੀ ਸਾਜ਼ਾਂ ਨੂੰ ਪ੍ਰਯੋਗ ਵਿਚ ਲਿਆਉਣਾ ਚਾਹੀਦਾ ਹੈ।

4. ਜ਼ਿਆਦਾਤਰ ਕੀਰਤਨੀਆਂ ਦਾ ਗੁਰਬਾਣੀ ਉਚਾਰਨ ਅਸ਼ੁੱਧ ਹੈ। ਹਰ ਕੀਰਤਨੀਏ ਜਾਂ ਰਾਗੀ ਲਈ ਗੁਰਬਾਣੀ ਨੂੰ ਸ਼ੁਧ ਪੜ੍ਹਨਾ ਚਾਹੀਦਾ ਹੈ। ਗੁਰਬਾਣੀ ਵਿਆ-ਕਰਨ ਦਾ ਗਿਆਨ ਵੀ ਜ਼ਰੂਰੀ ਹੈ।

5. ਕਈ ਰਾਗੀ ਕੀਰਤਨ ਘੱਟ ਤੇ ਕਥਾ ਜ਼ਿਆਦਾ। ਕੀਰਤਨ ਦਾ ਅਨੰਦ ਤੇ ਕਥਾ ਅਨੰਦ ਦੀ ਖਿਚੜੀ ਜਚਦੀ ਨਹੀਂ। ਕੀਰਤਨ ਦੁਆਰਾ ਮਨ ਟਿਕਾਉ ਵਿਚ ਆਉਂਦਾ ਹੈ ਪਰ ਕਥਾ ਗੁਰਮਤਿ ਦੇ ਗਿਆਨ ਲਈ ਜ਼ਰੂਰੀ ਹੈ। ਸ਼ਬਦ ਗਾਇਣ ਦੇ ਦਰਮਿਆਨ ਕੋਈ ਕਥਾ ਨਹੀਂ ਹੋਣੀ ਚਾਹੀਦੀ। ਕਈ ਰਾਗੀ ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਨੂੰ ਲਵ/ਕੁਸ਼ ਦੀ ਮਿਥਿਹਾਸਿਕ ਕਹਾਣੀ ਦਸਕੇ ਪ੍ਰਗਟ ਕਰਦੇ ਹਨ, ਨਾ ਕਿ ਗੁਰੂ ਸਾਹਿਬਾਨਾਂ ਵਲੋਂ ਸਥਾਪਤ ਕੀਤੇ ਜਾਣ ਕਰਕੇ। ਅਜਿਹੇ ਬਿਪਰਨ ਕਥਾਗਰਾਂ ਨੂੰ ਗੁਰਮਤਿ ਸਿੱਖਣੀ ਪੈਣੀ ਹੈ, ਨਹੀਂ ਤਾਂ ਕਿਤੇ ਅਯੁਧਿਆ ਵਾਲਾ ਹਾਲ ਅੰਮ੍ਰਿਤਸਰ ਹੀ ਨਾ ਵਾਪਰ ਜਾਏ।

6. ਨਿਰੋਲ ਰਾਗਾਂ ਵਿਚ ਗਾਇਣ ਕੀਰਤਨ ਦੀਆਂ ਆਡੀਓ ਤੇ ਵੀਡੀਓ ਕੈਸਿੱਟਾਂ ਹੀ ਤਿਆਰ ਕਰਨੀਆਂ ਚਾਹੀਦੀਆਂ ਹਨ। ਜੇਕਰ ਤੰਤੀ ਸਾਜ਼ਾਂ ਨਾਲ ਕੀਰਤਨ ਮਰਯਾਦਾ ਪ੍ਰਚਲਤ ਹੋਵੇ, ਤਾਂ ਬੇਹਤਰ ਹੈ। ਗੁਰੂ ਸਾਹਿਬਾਨਾਂ ਨੇ ਰਬਾਬ ਤੇ ਸਰੰਦੇ ਦੀ ਵਰਤੋਂ ਕੀਤੀ, ਪਰ ਅੱਜ ਅਸੀਂ ਫਾਡੀ ਹੀ ਹਾਂ। ਜਦ ਕਿ ਸਾਡੇ ਕੀਰਤਨੀਏ ਤਾਨਪੂਰੇ ਨਾਲ ਵੀ ਨਹੀਂ ਗਾ ਸਕਦੇ। ਜੇਕਰ ਅਸੀਂ ਕੀਰਤਨ ਦੀ ਪੁਰਾਤਨ ਮਰਯਾਦਾ ਨੂੰ ਬਹਾਲ ਕਰਨ ਦਾ ਜਤਨ ਨਾ ਕੀਤਾ, ਤਾਂ ਅਸੀਂ ਆਪਣੇ ਗੁਰੂਆਂ ਵਲੋਂ ਦਿੱਤੇ ਕੀਰਤਨ ਵਿਰਸੇ ਨੂੰ ਸਦਾ ਲਈ ਗੁਆ ਲਵਾਂਗੇ।

---

# ਸੰਗੀਤ ਵਿਚ ਛੁਪਿਆ ਸੇਹਤ ਦਾ ਰਾਜ਼

—ਸ: ਤੀਰਥ ਸਿੰਘ
4, ਗੁਰੂ ਗੋਬਿੰਦ ਸਿੰਘ ਮਾਰਕੀਟ ਸਹਾਰਨਪੁਰ

ਮਾਨਵ ਨੂੰ ਐਸੇ ਅਨੇਕਾਂ ਸੰਗੀਤ ਦੇ ਰਾਗਾਂ ਦਾ ਪਤਾ ਲੱਗ ਚੁੱਕਿਆ ਹੈ ਜਿਸ ਨਾਲ ਪਾਚਨ ਸ਼ਕਤੀ ਨੂੰ ਬਲ, ਸਵਾਸਾਂ ਦੀ ਪੂੰਜੀ ਵਧੇਰੇ, ਤੇ ਯਾਦ ਸ਼ਕਤੀ ਵਿਚ ਵੀ ਨਿਰੰਤਰ ਤੇਜ਼ੀ ਆਉਂਦੀ ਹੈ। ਇਤਨਾ ਹੀ ਨਹੀਂ ਰਾਗਾਂ ਦੁਆਰਾ ਜ਼ਿੱਦੀ (ਚੀੜੇ) ਸੁਭਾਅ ਨੂੰ ਸਰਲ ਤੇ ਸਹਿਜ ਬਣਾਉਣ ਦੀ ਵੀ ਸਮਰਥਾ ਹਾਸਲ ਕੀਤੀ ਜਾ ਸਕਦੀ ਹੈ।

ਮਨੋਵਿਗਿਆਨਕਾਂ ਨੇ ਇਥੋਂ ਤੱਕ ਸਲਾਹ ਦੇ ਦਿੱਤੀ ਹੈ, ਜੇ ਚਿੰਤਾਵਾਂ ਤੋਂ ਦੂਰ ਹੋਣਾ ਚਾਹੁੰਦੇ ਹੋ, ਗੁੱਸੇ ਤੋਂ ਮੁੱਕਤੀ ਭਾਲਦੇ ਹੋ, ਅਕੇਲੇਪਨ ਤੋਂ ਖਹਿੜਾ ਛਡਾਉਣਾ ਚਾਹੁੰਦੇ ਹੋ, ਤਾਂ ਸੰਗੀਤ ਦੀ ਸ਼ਰਨ ਵਿਚ ਆਓ, ਨਿਸਚਿਤ ਰੂਪ ਵਿਚ ਸ਼ਾਂਤੀ ਪਰਾਪਤ ਹੋਵੇਗੀ।

ਇਸ ਪਿੱਛੇ ਇਕ ਵਿਗਿਆਨਕ ਰਾਜ ਛੁਪਿਆ ਹੋਇਆ ਹੈ। ਸਾਡੀ ਹਿਰਦੇ ਗਤੀ ਇਕ ਨਿਯਮਾਂਵਲੀ ਅਧੀਨ ਚਲਦੀ ਰਹਿੰਦੀ ਹੈ, ਅਸੀਂ ਤੰਦਰੁਸਤ ਹੋ ਆਪਣੀ ਇਸ ਸਹੀ ਹਾਲਤ ਵਿਚ ਕੰਮਕਾਰਾਂ ਵਿਚ ਰੁਝੇ ਰਹਿੰਦੇ ਹਾਂ ਤੇ ਨਿਰਵਿਘਨ ਜੀਵਨ ਜੀਅ ਰਹੇ ਹੁੰਦੇ ਹਾਂ। ਜਦੋਂ ਸਰੀਰ ਦੀ ਨਿਯਮਾਂਵਲੀ ਅੰਦਰ ਗੜਬੜ ਜਾਂ ਰੋਗ ਪੈਦਾ ਹੁੰਦਾ ਹੈ ਤਾਂ ਹਿਰਦੇ ਗਤੀ (ਲੈਅ-ਧੜਕਣ) ਨਾੜੀ ਵਿਚ ਅੰਤਰ ਆ ਜਾਂਦਾ ਹੈ ਤਦੋਂ ਮਨੁੱਖ ਬਿਮਾਰ ਹੋ ਜਾਂਦਾ ਹੈ। ਅਯੁਰ ਵੈਦਿਕ ਦਾ ਵਿਗਿਆਨ ਇਸੇ ਇਕ ਮੁੱਖ ਮੰਤਵ ਤੇ ਨਿਰਭਰ ਹੈ। ਸਾਡੇ ਸਰੀਰ ਦੀ ਲੈਅ (ਨੈਚੁਰਲ ਰਿਦਮ) ਹੈ, ਇਸ ਵਿਚ ਵਿਕਾਰ ਆਉਣ ਤੇ ਮਨੁੱਖੀ ਰੋਗੀ ਹੋ ਜਾਂਦਾ ਹੈ, ਲੈਅ ਦਾ ਸਾਡੇ ਸਰੀਰ ਵਿਚ ਇਤਨਾ ਮਹੱਤਵ ਹੈ ਤਾਂ ਫਿਰ ਸੰਗੀਤ ਵਿਚ ਲੈਅ (ਧੜਕਣ) ਵਰਗੀ ਮੁੱਖ ਸ਼ਕਤੀ ਦਾ ਕਹਿਣਾ ਕਥਨ ਤੋਂ ਬਾਹਰ ਦੀ ਗੱਲ ਹੈ।

ਹਿੰਦੁਸਤਾਨੀ - ਦਖਣੀ ਭਾਰਤੀ ਤੇ ਕਰਨਾਟਕ ਸ਼ੈਲੀ ਦੇ ਸੰਗੀਤ ਮਾਰਤੰਡਾਂ, ਵਿਦਵਾਨਾਂ ਦੇ ਮਤ ਅਨੁਸਾਰ ਜਿੱਥੇ ਰੁੱਤ, ਬਨਸਪਤੀਆਂ ਪ੍ਰਕਿਰਤੀ, ਸੁਭਾਅ, ਦਿਨ-ਰਾਤ, ਸਮਿਆਂ ਵਿਚ ਰਾਗਾਂ ਦੀ ਰੁਚੀ ਅਨੁਸਾਰ ਗਾਇਆ ਵਜਾਇਆ ਜਾਂਦਾ ਹੈ ਤੇ ਉਸ ਰਾਗ ਸੁਭਾਅ/ਚਲਣ ਨੂੰ ਮਹਿਸੂਸ ਕੀਤਾ ਜਾਂਦਾ ਹੈ ਤਾਂ ਤੇ ਸੰਗੀਤ ਦੇ ਰਾਗਾਂ ਨਾਲ ਗੰਭੀਰ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ, ਬਲਕਿ ਮਾਨਸਿਕ ਰੂਪ ਵਿਚ ਕਮਜ਼ੋਰ

(ਵਿਕਲਾਂਗ) ਲੋਕਾਂ ਲਈ ਵੀ ਬਹੁਤ ਫਾਇਦੇਮੰਦ ਤੇ ਉਪਯੋਗੀ ਸਾਧਨ ਹੈ। ਸੰਗੀਤ ਦੇ ਤਰ੍ਹਾਂ-ਤਰ੍ਹਾਂ ਦੇ ਰਾਗਾਂ ਦੁਆਰਾਂ ਵਿਭਿੰਨ-ਵਿਭਿੰਨ ਪ੍ਰਕਾਰ ਦੇ ਰੋਗਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਐਸੇ ਤੱਥ ਉਜਾਗਰ ਹੋਏ ਹਨ।

ਸੰਗੀਤਕਾਰ ਵੈਦਾਂ ਦੇ ਕਹਿਣ ਅਨੁਸਾਰ ਕੰਠ (ਖਾਂਸੀ ਦਮਾਂ) ਦੇ ਰੋਗੀਆਂ ਲਈ ਰਾਗ ਭੈਰਵੀ, ਮਾਨਸਿਕ ਚੰਚਲਤਾ ਤੇ ਕ੍ਰੋਧ ਤੋਂ ਮੁਕਤੀ ਲਈ ਰਾਗ ਮਲਹਾਰ ਤੇ ਜੈ ਜੈ ਵੰਤੀ, ਬਲੱਡ ਪ੍ਰੈਸ਼ਰ ਦੇ ਉਪਚਾਰ ਹੇਤੂ ਰਾਗ ਅਸਾਵਰੀ ਦਾ ਪ੍ਰਯੋਗ ਲਾਭਦਾਇਕ ਹੈ। ਸਵਾਸ ਸਬੰਧੀ ਰੋਗ ਤਪਦਿਕ, ਖਾਂਸੀ, ਦਮਾਂ ਲਈ ਜਿਵੇਂ ਭੈਰਵੀ ਇਵੇਂ (ਉਦਰ) ਪੇਟ ਤੇ ਰੋਗ ਹਿਤ ਰਾਗ ਪੰਚਮ ਤੇ ਪਾਗਲਪਨ ਦੀ ਅਵੱਸਥਾ ਹਿੱਤ ਰਾਗ ਖਮਾਜ, ਅਨੀਂਦਰੇ ਦੀ ਹਾਲਤ ਲਈ ਰਾਗ ਨੀਲਾਂਬਰੀ ਦਾ ਪ੍ਰਯੋਗ ਅਤੀ ਉੱਤਮ ਹੈ।

ਸ੍ਰੀ ਰਾਗ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ, ਰਾਗ ਵਰਧਨੀ ਸਰੀਰ ਦੀਆਂ ਪੀੜਾਂ ਲਈ ਸਹਾਇਕ ਸਿੱਧ ਹੈ, ਇਵੇਂ ਸਰੀਰ ਦੇ ਸਭ ਕੰਮ ਸਹਿਜ ਤੇ ਨਿਰੰਤਰ ਕਰਨ ਹਿੱਤ ਰਾਗ ਟੋਡੀ ਦਾ ਵਿਸ਼ੇਸ਼ ਯੋਗਦਾਨ ਹੈ।

ਸੰਗੀਤਕਾਰ ਵੈਦਾਂ ਦਾ ਕਹਿਣਾ ਹੈ ਕਿ ਸਰੀਰ ਸੱਤ ਧਾਤੂਆਂ, ਸੱਤ ਰੰਗਾਂ ਦਾ ਬਣਿਆ ਹੋਇਆ ਹੈ। ਇਹ ਉਹੀ ਸੱਤ ਸਵੱਰ ਹਨ ਉਹੀ ਰੰਗ ਸੂਰਜ ਦੀਆਂ ਦੀਆਂ ਕਿਰਨਾਂ ਅੰਦਰ ਸਪਤਰਿਸ਼ਮੀ (ਸੱਤ ਘੋੜੇ) ਹੁੰਦੇ ਹਨ ਜਦੋਂ ਸੂਰਜ ਦੇ ਪ੍ਰਕਾਸ਼ੀ ਰੰਗ ਮੁਕਤ ਹੋ ਜਾਂਦੇ ਹਨ ਤਾਂ ਹੀ ਸੱਤ ਸਵੱਰਾਂ ਤੋਂ ਕੀ ਐਸੀ ਸ਼ਕਤੀ ਪਰਾਪਤ ਨਹੀਂ ਹੋ ਸਕਦੀ ?

ਸਾਨੂੰ ਜਾਣਨਾ ਪਵੇਗਾ ਕਿ ਕਿਹੜੀ ਚੀਜ਼ (ਧਾਤੂ) ਰੋਗੀ ਦੇ ਸਰੀਰ ਵਿਚ ਘੱਟ ਵੱਧ ਗਈ ਹੈ, ਉਸਦਾ ਕੀ ਰੰਗ ਹੈ, ਜੇ ਉਸੇ ਰੰਗ ਦਾ ਸਵੱਰ (ਸੰਗੀਤ) ਰੋਗੀਆਂ ਨੂੰ ਸੁਣਾਇਆ ਜਾਵੇ ਤਾਂ ਉਹ ਰੋਗੀ ਸਿਹਤਮੰਦ ਹੋ ਜਾਣਗੇ। ਜਿਵੇਂ ਘੰਡੇਹੜੇ ਦੀ ਆਵਾਜ਼ (ਸੰਗੀਤ) ਨਾਲ ਮਿਰਗ ਵਿਆਕੁਲ ਹੋ ਇਧਰ-ਉਧਰ ਭੱਜਿਆ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ ਤਿਵੇਂ ਨਾਦ ਸੰਗੀਤ, ਐਸੇ ਵਿਅਕਤੀਆਂ ਨੂੰ ਜੋ ਮਾਰਫੀਏ ਦੇ ਟੀਕੇ ਲਗਵਾ ਕੇ ਵੀ ਨੀਂਦ ਦਾ ਸੁੱਖ ਨਹੀਂ ਲੈ ਸਕਦੇ ਉਹ ਸੰਗੀਤ ਸੁਣ ਆਤਮ ਵਿਭੋਰ ਹੋ ਨੀਂਦ ਵਿਚ ਲੀਨ ਹੋ ਜਾਂਦੇ ਹਨ।

ਅਮਰੀਕਾ ਦੇ ਮਨੋ-ਚਕਿਤਸਾ ਸ਼ਾਸ਼ਤਰੀਆਂ ਦਾ ਦਾਅਵਾ ਹੈ ਕਿ ਜੇਕਰ ਰੋਜ਼ਾਨਾ ਗਾਉਣ ਦਾ ਅਭਿਆਸ ਕੀਤਾ ਜਾਵੇ ਤਾਂ ਹਿਰਦੇ, ਫੇਫੜਿਆਂ ਦੇ ਰੋਗ ਠੀਕ ਹੁੰਦੇ ਹਨ ਜਦੋਂ ਰੋਗੀ ਨੂੰ ਸੰਗੀਤ ਸੁਣਾਇਆ ਜਾਵੇ ਤਾਂ ਕੁੱਝ ਸਮੇਂ ਲਈ ਆਪਣੀ ਬਿਮਾਰੀ ਦਾ ਦੁੱਖ ਭੁੱਲ ਜਾਂਦਾ ਹੈ ਇਸ ਲਈ ਉਹ ਪ੍ਰਕਿਰਿਆ ਉਸਦੀ ਸਿਹਤ ਲਈ ਬਹੁਤ ਫਾਇਦੇਮੰਦ ਹੈ।

ਮਾਨਸਿਕ ਰੂਪ ਤੋਂ ਕਮਜ਼ੋਰ ਲੋਕਾਂ ਦੇ ਉਪਚਾਰ ਲਈ ਵੀ ਸੰਗੀਤ ਦੀ ਮਦਦ ਹਾਸਲ ਕੀਤੀ ਜਾ ਸਕਦੀ ਹੈ ਜੇ ਪੂਰਾ ਇਲਾਜ ਨਹੀਂ ਹੋ ਸਕਦਾ ਪਰ ਸੰਗੀਤ ਦਾ ਸੰਭਵ ਪ੍ਰਭਾਵ ਉਹਨਾਂ ਦੇ ਮਨਾਂ ਤੇ ਸਬੰਧ ਸਥਾਪਤ ਕਰਨ ਲਈ ਰੋਚਕ ਜ਼ਰੂਰ ਹੈ। ਅਮਰੀਕਾ ਦੇ

(ਸੰਗੀਤ ਵੈਦ) ਡਾਕਟਰ ਆਥਰ ਹਰਵੇ ਦਾ ਕਹਿਣਾ ਹੈ ਕਿ ਮਨੁੱਖ ਦੇ ਸੱਜੇ ਹੱਥ ਦੇ ਮਸਤਕ ਵਾਲਾ ਭਾਗ ਸੰਗੀਤ ਦੇ ਪ੍ਰਭਾਵ ਨੂੰ ਦਿਖਾਂਦਾ ਹੈ।

ਸੰਗੀਤ ਭਾਵਆਤਮਕ ਰੁਕਾਵਟਾਂ ਨੂੰ ਵੀ ਤੋੜਦਾ ਹੈ ਜਿਸ ਨਾਲ ਦਿਮਾਗ ਤੇ ਸਰੀਰ ਦੀ ਕੰਮ-ਪ੍ਰਣਾਲੀ ਨਾਲ ਸਬੰਧ ਸਥਾਪਤ ਹੋ ਜਾਂਦਾ ਹੈ। ਭਾਰਤ ਅੰਦਰ ਡਾ: ਬਾਲ ਮੁਰਲੀ (ਮਦਰਾਸ ਸੰਗੀਤ ਵਿਗਿਆਨ ਤੋਂ ਮਨੋਦੈਹਿਕ ਰੋਗ ਜਿਵੇਂ ਹਾਈ ਬਲਡ ਪ੍ਰੈਸ਼ਰ, ਬਲਡ ਸੂਗਰ ਤੇ ਸਿਰ ਦਰਦ ਵਰਗੇ ਇਲਾਜ ਕਰਨ ਵਿਚ ਲੱਗੇ ਹੋਏ ਹਨ, ਕਈ ਪ੍ਰਕਾਰ ਦੇ ਰਾਗਾਂ ਦੇ ਸਿੰਥੇਟਿਕ ਸਾਉਂਡ ਕੈਪਸੂਲ ਦੇ ਕੇ ਰੋਗੀ ਦੇ ਮਾਨਸਿਕ ਇਲਾਜ ਵਿਚ ਡੱਟ ਰਹੇ ਹਨ। ਸੰਗੀਤ ਅੰਦਰ ਜੋ ਸਿਹਤ ਦਾ ਰਾਜ (ਰਹੱਸਯ) ਲੁਕਿਆ ਹੋਇਆ ਹੈ ਉਹਨੂੰ ਨਿਰੰਤਰ ਉਜਾਗਰ ਕਰਨ ਦੀ ਜ਼ਰੂਰਤ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਜਗਤ ਦੇ ਕਲਿਆਣ (ਉਧਾਰ ਹਿੱਤ ਨਾਮ/ਸਿਮਰਨ ਦੇ ਨਾਲ-ਨਾਲ ਭਾਈ ਮਰਦਾਨਾ ਨਾਲ ਲੈ ਰਬਾਬ ਰਾਹੀਂ ਸੰਗੀਤ ਪ੍ਰਸਾਰ ਕਰ ਪੂਰੀ ਲੋਕਾਈ ਨੂੰ ਕੀਲ ਲਿਆ ਇਵੇਂ ਸਿੱਖ ਨੂੰ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤਕ ਕੀਰਤਨ (ਨਾਮ ਤੇ ਸੰਗੀਤ) ਦੇ ਸੁਮੇਲ ਤੋਂ ਉਪਜੀ ਭਗਤੀ ਵਿਚ ਰੰਗਣ ਲਈ ਸੁੱਖ ਸਾਧਨ ਬਖਸ਼ਿਆ। ਜੇ ਤੰਦਰੁਸਤੀ ਲੋਚਦੇ ਹੋ ਤਾਂ ਮਨ (ਹਿਰਦੇ) ਨੂੰ ਕੀਰਤਨ ਲੈਅ, ਸੰਗੀਤ, ਨਾਮ ਵਿਚ ਪਰੋ ਲਓ।

# ਪ੍ਰੇਮ

—ਭਾਈ ਮੋਹਨ ਸਿੰਘ ਵੈਦ

ਇਹ ਪਦ ਲਿਖਣ ਵਿਚ ਤਾਂ ਦੋ ਅੱਖਰਾਂ ਦਾ ਜੋੜ ਤੇ ਨਿਕਾ ਜਿਹਾ ਪਦ ਹੈ ਪਰ ਵਰਤੋਂ ਵਿਚ ਇਹਦੇ ਸਿੱਟੇ ਵੱਡੇ ਤੋਂ ਵੱਡੇ ਤੇ ਅਚੱਰਜ ਤੋਂ ਅਚੱਰਜ ਨਿਕਲਦੇ ਹਨ। ਜੀਵ ਨੂੰ ਆਪਣੇ ਮਾਲਕ ਤਕ ਪੁਚਾਣ ਦਾ ਵੱਡਾ ਵਸੀਲਾ ਏਹੀ ਦਸਿਆ ਗਿਆ ਹੈ :

"ਸਾਚ ਕਹੌਂ ਸੁਨ ਲੇਹੁ ਸਬੈ ਜਿਨ ਪ੍ਰੇਮ ਕੀਯੋ ਤਿਨ ਹੀ ਪ੍ਰਭੁ ਪਾਯੋ"

ਪਰ ਮਨੁੱਖਾਂ ਦਾ ਆਮ ਕੈਦਾ ਹੈ ਕਿ ਜੋ ਪਦ ਉਹ ਬਹੁਤਾ ਵਰਤਦੇ ਹਨ ਉਹਦਾ ਅਸਲੀ ਮਤਲਬ ਬਹੁਤ ਘੱਟ ਸਮਝਦੇ ਹਨ।

ਆਮ ਮਨੁੱਖਾਂ ਨੇ ਤਾਂ ਪ੍ਰੇਮ ਨੂੰ ਆਪਣੇ ਸੁਆਰਥ ਸਿੱਧ ਕਰਨ ਦਾ ਇਕ ਵਸੀਲਾ ਬਣਾਇਆ ਹੋਇਆ ਹੈ। ਇਕ ਮਨੁੱਖ ਦੂਜੇ ਨਾਲ ਪ੍ਰੇਮ ਪਾਂਦਾ ਹੈ, ਕਾਹਦੇ ਲਈ? ਮਨੁੱਖਾਂ ਨੇ ਇਹ ਅਖਾਣ ਬਣਾਇਆ ਹੋਇਆ ਹੈ, "ਮਿੱਤ੍ਰ ਓਹ ਜੋ ਵੇਲੇ ਸਿਰ ਕੰਮ ਆਵੇ" ਭਾਵ ਇਹ ਕਿ ਕਿਸੇ ਦੂਜੇ ਨਾਲ ਪ੍ਰੇਮ ਇਸ ਲਈ ਪਾਈਦਾ ਹੈ ਕਿ ਜਿਸ ਵੇਲੇ ਸਾਨੂੰ ਸੰਸਾਰਕ ਵਸਤੂ ਦੀ ਲੋੜ ਹੋਵੇ ਜਾਂ ਕੋਈ ਆਪਦਾ ਬਣੇ ਤਾਂ ਉਸ ਮਨੁੱਖ ਦੀ ਜਾਇਦਾਦ ਜਾਂ ਉਹਦੇ ਸਰੀਰ ਨੂੰ ਆਪਣੇ ਪ੍ਰਯੋਜਨ ਦੇ ਸਿਰੇ ਚਾੜ੍ਹਨ, ਲੋੜ ਦੇ ਪੂਰਾ ਕਰਨ ਜਾਂ ਅਪਦਾ ਦੇ ਦੂਰ ਕਰਨ ਲਈ ਵਰਤੀਏ, ਵਾਹ! ਕੇਹਾ ਸੋਹਣਾ ਪ੍ਰੇਮ ਦਾ ਨਕਸ਼ਾ ਹੈ! ਪ੍ਰੇਮ ਕਰਨ ਵਾਲਾ ਆਪਣੇ ਪਿਆਰੇ ਨੂੰ ਵਰਤ ਰਿਹਾ ਹੈ! ਪਰ ਪਾਠਕ ਜਨ ਇਹਦਾ ਨਾਉਂ ਪ੍ਰੇਮ ਨਹੀਂ, ਇਹ ਤਾਂ ਸੁਆਰਥ ਸਿਧੀ ਦਾ ਇਕ ਸ੍ਵਾਂਗ ਹੈ। ਭੰਡ ਨੇ ਰਾਜਾ ਦਾ ਰੂਪ ਵਟਾਇਆ ਹੋਇਆ ਹੈ! ਸ੍ਵਾਂਗੀ ਰਾਜਾ ਕੋਲੋਂ ਸੁਖ ਕਦੀ ਲੱਭ ਸਕਦਾ ਹੈ ? ਇਹ ਪ੍ਰੇਮ ਜਿਹਦੀ ਜੜ੍ਹ ਹੇਠਾਂ ਸੁਆਰਥ ਸਿੱਧੀ ਹੈ ਨਾ ਤੋੜ ਨਿਭਦਾ ਹੈ ਨਾ ਇਹਦੇ ਵਿਚ ਸੁਖ ਹੈ।।

"ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤਾ ਕੂੜਾ ਨੇਹੁ।।
ਕਿਚਰੁ ਝਤਿ ਲੰਘਾਈਐ ਛਪਰਿ ਤੂਟੈ ਮੇਹੁ"।।

ਅਸਲੀ ਪ੍ਰੇਮ ਦਾ ਪਿਆਲਾ ਕਿਸੇ ਵਿਰਲੇ ਨੇ ਹੀ ਪੀਤਾ ਹੈ। ਇਹ ਕਿਸੇ ਵਿਰਲੇ ਨੇ ਹੀ ਜਾਣਿਆ ਹੈ। ਜਿਸਨੂੰ ਇਹ ਸ੍ਵਾਦ ਆ ਗਿਆ ਹੈ ਉਸਦੇ ਸ੍ਵਾਦ ਅਗੇ :—

"ਗੁਰਮੁਖ ਸੁਖ ਫਲ ਪਿਰਮ ਰਸ ਛਿਅਰਸ ਹੈਰਾਣਾ।
ਛਤੀਹ ਅੰਮ੍ਰਿਤ ਤਰਸਦੇ ਵਿਸਮਾਦਿ ਵਿਡਾਣਾ।
ਨਿਝਰ ਧਾਰਿ ਹਜਾਰ ਹੋਇ ਭੈਚਕਤ ਲੁਭਾਨਾ।।"

ਛੇ ਰਸ ਸੰਸਾਰ ਦੇ ਤੁੱਛ ਹਨ। ਛਤੀ ਪ੍ਰਕਾਰ ਦੇ ਸ੍ਵਾਦੀ ਭੋਜਨ ਉਸ ਸ੍ਵਾਦ ਨੂੰ ਦੇਖ ਕੇ ਅਸਚਰਜਤਾ ਵਿਚ ਡੁਬੇ ਹੋਏ ਹਨ। ਇਕ ਰਸ ਕਈ ਹਜ਼ਾਰ ਧਾਰਾਂ ਵੀ ਅੰਮ੍ਰਿਤ

ਦੀਆਂ ਵਗਣ ਤਾਂ ਉਹਨਾਂ ਸਾਰੀਆਂ ਦਾ ਸ੍ਵਾਦ ਪ੍ਰੇਮ ਦੇ ਰਸ ਨਾਲ ਨਹੀਂ ਪੁਜ ਸਕਦਾ। ਉਹ ਹੈਰਾਨੀ ਵਿਚ ਪਈਆਂ ਹੋਈਆਂ ਇਸ ਲੋਭ ਵਿਚ ਹਨ ਕਿ ਹੇ ਰਬਾ ! ਇਹ ਸ੍ਵਾਦ ਕਿਵੇਂ ਸਾਡੇ ਵਿਚ ਭੀ ਆ ਜਾਵੇ। ਪਰ ਅੰਮ੍ਰਿਤ ਜੜ ਹੈ, ਪ੍ਰੇਮ ਚੇਤੰਨ ਹੈ, ਭਲਾ ਬਰਾਬਰ ਕਿਥੋਂ ਹੋਵੇ ? ਅਸਲੀ ਪ੍ਰੇਮ ਕੀ ਹੈ ? ਇਹ ਕਥਨੀ ਵਿਚ ਨਹੀਂ ਆ ਸਕਦਾ।।

"ਗੁਰਮੁਖ ਸੁਖ ਫਲ ਪਿਰਮ ਰਸ ਕਿਉਂ ਆਖ ਵਖਾਣੇ"

ਲੋਕੀ ਸੁਣ ਸੁਣ ਕੇ ਵਰਨਣ ਕਰਦੇ ਹਨ ਪਰ ਸੁਣਨ ਵਿਚ ਉਹ ਸ੍ਵਾਦ ਕਿਥੇ ?

"ਸੁਣ ਸੁਣ ਆਖਣ ਆਖਣਾ ਓਹ ਸਾਉ ਨ ਜਾਣੈ"

ਪ੍ਰੇਮ ਦੀ ਅਵਸਥਾ ਤਾਂ ਹੈ ਹੀ ਅਬੋਲ। ਇਕ ਮਨੁਖ ਤੇ ਤੀਵੀਂ ਜਦ ਪਿਆਰ ਕਰਦੇ ਹਨ ਤਾਂ ਲੋਕਾਂ ਦੀ ਨਜ਼ਰ ਤੋਂ ਆਪਣਾ ਆਪ ਲੁਕਾਉਂਦੇ ਹਨ। ਅਸਲੀ ਪ੍ਰੇਮ ਦੀ ਨਿਸ਼ਾਨੀ ਹੀ ਇਹ ਹੈ ਕਿ ਪ੍ਰੇਮ ਕਰਨ ਵਾਲਾ ਕਥਨ ਕਰਨੋਂ ਰਹਿ ਜਾਂਦਾ ਹੈ।

"ਪੀਤੈ ਬੋਲ ਨ ਹੰਘਈ ਅਖਾਣ ਵਖਾਣਾ!" ਕਿਉਂ ?

"ਗੱਲ ਸਾਦ ਨ ਆਵਈ ਜਿਚਰ ਮੁਹੁ ਖਾਲੀ ॥<br>ਮੁਹੁ ਭਰਿਐ ਕਿਉਂ ਬੋਲੀਐ ਰਸ ਜੀਭ ਰਸਾਲੀ" ॥

ਪ੍ਰੇਮੀ ਰਸ ਲਏ ਕਿ ਲੋਕਾਂ ਨੂੰ ਦਸੇ ਕਿ ਆਓ ਵੇਖੋ ਮੈਂ ਰਸ ਲੈ ਰਿਹਾ ਹਾਂ। ਮੇਰਾ ਪਿਆਰਾ ਮੈਨੂੰ ਮਿਲ ਰਿਹਾ ਹੈ। ਰਸੀਏ ਨੂੰ ਤਾਂ ਰਸ ਦੀ ਲੋੜ ਹੈ। ਇਸ਼ਤਿਹਾਰ ਦੇਣ ਦੀ ਨਹੀਂ ॥

ਪ੍ਰਸ਼ਨ-ਪਰ ਫਿਰ ਅਸੀਂ ਕੀ ਸਮਝੀਏ ਪ੍ਰੇਮ ਕੀ ਹੈ ?

ਉਤਰ—ਅਸਲੀ ਰੂਪ ਤਾਂ ਅਨੁਭਵ ਕੀਤਿਆਂ ਹੀ ਪਤਾ ਲਗੂ ਪਰ ਭਾਈ ਗੁਰਦਾਸ ਜੀ ਕੁਝ ਇਕ ਖਿਆਲ ਇਹਦਾ ਇਕ ਮਸਾਲ ਦੇ ਕੇ ਦਸਦੇ ਹਨ :—

"ਪਾਣੀ ਕਾਠ ਨ ਡੋਬਈ ਪਾਲੇ ਦੀ ਲਜੈ।<br>ਸਿਰ ਕਲਵੱਤ੍ਰ ਧਰਾਇਕੈ ਸਿਰ ਚੜ੍ਹਿਆ ਭੱਜੈ।<br>ਲੋਹੇ ਜੜ੍ਹੀਐ ਬੋਹਿਥਾ ਭਾਰੇ ਭਰੇ ਨ ਤਜੈ।।<br>ਪੇਟੈ ਅੰਦ੍ਰ ਅਗ ਰਖ ਤਿਸ ਪੜਦਾ ਕੱਜੈ" ॥

ਪਾਣੀ ਕਾਠ ਨਾਲ ਪ੍ਰੇਮ ਕਰਦਾ ਹੈ। ਆਪਣੇ ਆਪ ਨੂੰ ਬੂਟੇ ਦੀ ਖਾਜ ਬਣਾਂਦਾ ਹੈ। ਇਹ ਪ੍ਰੇਮ ਦਾ ਅਸਲੀ ਰੂਪ ਹੈ। ਪਿਆਰੇ ਤੋਂ ਆਪਣਾ ਆਪ ਵਾਰ ਸੁਟਣ। ਆਪਾ ਘਟਾਉਣਾ ਪਿਆਰ ਵਧਾਉਣਾ ਹੈ। ਆਪੇ ਦਾ ਪੂਰਨ ਨਾਸ ਪ੍ਰੇਮ ਦੀ ਪੂਰਨਤਾ ਦਾ ਜ਼ਰੂਰੀ ਚਿੰਨ੍ਹ ਹੈ। ਬੂਟਾ ਵਡਾ ਹੁੰਦਾ ਹੈ ਪਾਣੀ ਦੇ ਸਿਰ ਤੇ ਫਲਦਾ ਫੂਲਦਾ। ਫਿਰ ਸੁਕਕੇ ਕਾਠ ਬਣ ਜ਼ਾਂਦਾ ਹੈ, ਬੂਟੇ ਦੀ ਸ਼ਕਲ ਬਦਲ ਗਈ ਹੈ ਉਹ ਹਰਾ ਚਹ ਚਹਾ ਨਹੀਂ ਰਿਹਾ। ਕੀ ਪਾਣੀ ਉਹਨੂੰ ਹੁਣ ਲਤ ਮਾਰਕੇ ਪਰਾਂ ਜਾ ਕਹੇ ? ਜਾਹ ਤੇਰਾ ਉਹ ਜੋਬਨ ਨਹੀਂ ਰਿਹਾ। ਸਾਡਾ ਤੇਰਾ ਕੀ ਕੰਮ ? ਪਰ ਨਹੀਂ ਪਾਣੀ ਦਾ ਪ੍ਰੇਮ ਸੱਚਾ ਹੈ ਉਹ ਕਾਠ ਵਿਚ ਆਪਣੇ ਪਿਆਰੇ ਦੀ ਬਦਲੀ ਹੋਈ ਹਾਲਤ ਵੇਖਦਾ ਹੈ। ਬੇੜੀ ਬਣ ਕੇ ਉਹ ਕਾਠ ਹੁਣ ਪਾਣੀ ਨੂੰ ਹੋਰ ਦੁਖ ਦੇਣਾ ਅਰੰਭਦਾ ਹੈ। ਉਹਦੀ ਛਾਤੀ ਤੇ ਭਜਾ ਫਿਰਦਾ ਹੈ। ਉਹਦੇ ਸਿਰ ਨੂੰ

ਕਲਵਤ੍ਰ ਵਾਂਗ ਚਪਿਆਂ ਨਾਲ ਚੀਰਦਾ ਹੈ। ਪਰ ਉਹ ਪਾਣੀ ਪਿਆਰ ਨਿਬਾਹੁੰਦਾ ਹੈ। ਲਓ ਪਿਆਰ ਦਾ ਹੋਰ ਰੂਪ ਲਵੋ ! ਲੋਹੇ ਨਾਲ ਪਾਣੀ ਦਾ ਸਦਾ ਵੈਰ ਸੀ, ਓਹ ਸਦਾ ਉਹਨੂੰ ਡੋਬ ਦਿੰਦਾ ਸੀ, ਪਰ ਹੁਣ ਲੋਹਾ ਕਾਠ ਜੜ੍ਹੀ ਦੇ ਆਇਆ ਹੈ। ਪਿਆਰੇ ਦੀ ਓਟ ਲੈ ਕੇ ਆਇਆ ਹੈ। ਸਾਰਾ ਵੈਰ ਭੁਲ ਗਿਆ ਹੈ। ਕਾਠ ਦੀ ਖਾਤਰ ਲੋਹੇ ਦਾ ਪੁਰਾਣਾ ਵੈਰ ਭੁਲਾ ਦਿਤਾ ਹੈ ਤੇ ਓਹਦਾ ਭਾਰ ਭੀ ਹੁਣ ਸਿਰ ਤੇ ਸਹਾਰਦਾ ਹੈ।

ਇਹ ਨਾ ਸਮਝਣਾ ਕਿ ਪਾਣੀ ਵਿਚ ਕਾਠ ਦਾ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ। ਸਮੁੰਦਰ ਵਿਚ ਤਾਂ ਬੜਾ ਬਲ ਹੈ। ਪਰ ਪਿਆਰੇ ਸਾਹਮਣੇ ਉਹਨੇ ਕੋਈ ਤਾਨ ਦੱਸਣਾ ਹੈ। ਤਾਨ ਰੱਖਕੇ ਨਿਤਾਣਾ ਹੋਣਾ ਹੀ ਤਾਂ ਪਿਆਰ ਦੀ ਨਿਸ਼ਾਨੀ ਹੈ। ਇਸ ਲਈ ਨੁਕਸਾਨ ਪਹੁੰਚਾਉਣ ਦੀ ਸ਼ਕਤੀ ਰੱਖਦਾ ਹੋਇਆ ਭੀ ਜਰਦਾ ਹੈ। ਪ੍ਰੇਮ ਜੋ ਹੋਇਆ।

ਇਹ ਹੈ ਪ੍ਰੇਮ ਦਾ ਕੁਝ ਰੂਪ। ਜਿਹਦੀ ਸਿਖਯਾ ਸਿੱਖਾਂ ਨੂੰ ਗੁਰੂ ਜੀ ਨੇ ਦਿਤੀ। ਇਹ ਪ੍ਰੇਮ ਹੈ, ਜਿਹਨੂੰ ਪਾ ਕੇ ਸਿੱਖ ਸਭ ਕੁਝ ਵਾਰ ਸੁਟਣਾ ਇਕ ਬਾਲਕ ਦੀ ਖੇਡ ਵਾਂਗ ਜਾਣਦੇ ਸਨ, ਪਰ ਜਦੋਂ ਉਸਤਾਦ ਸਬਕ ਦਿੰਦਾ ਹੈ ਤੇ ਨਵਾਂ ਕੈਦਾ ਪੜ੍ਹਾਂਦਾ ਹੈ ਤਦ ਮੁੰਡਿਆਂ ਦੀ ਦੀ ਸਮਝ ਵਿਚ ਚੰਗੀ ਤਰ੍ਹਾਂ ਖੋਭਣ ਲਈ ਤਜਰਬੇ ਕਰਕੇ ਉਹਨਾਂ ਨੂੰ ਦੱਸੇ ਜਾਂਦੇ ਹਨ। ਪਿਆਰੇ ਪਾਠਕ ! ਇਹ ਓਹ ਪ੍ਰੇਮ ਹੈ, ਜਿਹਦੀ ਸੰਥਾ ਦਿੰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਤਨ, ਮਨ ਧਨ, ਵਾਰਿਆ ਤਾਂ ਜੋ ਆਪਣੀ ਪਾਠਸ਼ਾਲਾ ਦੇ ਚਾਟੜਿਆਂ ਦੀਆਂ ਅੱਖਾਂ ਗੋਚਰੇ ਕਰਨ ਲਈ ਏਸ ਦੋ ਅਖਰੇ ਨਾਵੇਂ ਤੋਂ, ਜਿਹਨੂੰ ਇਤਨੀ ਉੱਚ ਪਦਵੀ ਦਿਤੀ ਹੈ, ਉਹਨਾਂ ਦਾ ਭਾਵ ਕੀ ਹੈ। ਇਸੇ 'ਪ੍ਰੇਮੁ ਦੇ ਬਦਲੇ ਪਿਤਾ ਪੁਤਰ, ਮੁਕਦੀ ਗੱਲ ਸਰਬੰਸ ਵਾਰਨਾ ਉਹਨਾਂ ਇਕ ਖੱਬੇ ਹਥ ਦੀ ਖੇਡ ਸਮਝੀ। ਇਹ ਪ੍ਰੇਮ ਹੈ ਕਿ ਜਿਹਨੇ ਦਿਲ ਵਿਚ ਵਸਾ ਲਿਆ ਹੈ ਤਾਂ ਓਹ ਕਹਿ ਸਕਦਾ ਹੈ :—

"ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠ ਰਹਿਓ ਬਕ ਧਿਆਨ ਲਗਾਯੋ।
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ ਲੋਕ ਗਯੋਪਰਲੋਕ ਗਵਾਯੋ।
ਬਾਸ ਕੀਯੋ ਬਿਖਆਨ ਸੋ ਬੈਠਕੇ ਐਸੇ ਹੀ ਐਸ ਸੁ ਬੈਸ ਬਿਤਾਯੋ।
ਸਾਚ ਕਹੋਂ ਸੁਨ ਲੇਹੁ ਸਬੈ ਜਿਨ ਪ੍ਰੇਮ ਕੀਯੋ ਤਿਨਹੀ ਪ੍ਰਭੁ ਪਾਯੋ" ।।

ਪਿਆਰੇ ਪਾਠਕ ! ਇਸ ਜੀਵਨ ਦੇ ਹਾਲ ਤੈਂ ਕਈ ਅਗੇ ਸੁਣੇ ਹੋਏ ਹਨ, ਤੇ ਅਜ ਇਕੇਰਾਂ ਫੇਰ ਤੈਨੂੰ ਸੁਣਨ ਅਵਸਰ ਹੈ, ਇਸ ਪੀਂਘ ਤੇ ਚੜ੍ਹ ਲੰਮਾਂ ਹੂਟਾ ਲੈ ਤਾਂ ਜੋ ਹ ਦਿਸਣੋਂ ਰਹਿ ਜਾਵੇ ਤੇ ਫੇਰ ਵੇਖ ਕੀ ਸੁਆਦ ਆਉਂਦਾ ਹੈ। ਉਲਟ ਪਾਸ਼ੇ ਨਾ ਚਲ। ਮਤਾਂ ਕੂੜੀ ਪੰਥ ਉਨਤੀ ਪਿਛੇ ਕਿਸੇ ਦਾ ਦਿਲ ਦੁਖਾ ਦੇਈਂ, ਮਤਾ ਕਿਸੇ ਦੇ ਸਾੜੇ ਸੜੀਂ ਮਤਾਂ ਕਿਸੇ ਨੂੰ ਕਠੋਰ ਬਚਨ ਬੋਲੀਂ। ਅਜ ਪ੍ਰੇਮ ਦੇ ਅਵਤਾਰ ਦਾ ਦਿਨ ਹੈ। ਜਿਸ ਬਿਪਤਾ ਝਲਣਾ ਹੀ ਸੱਚੀ ਖੁਸ਼ੀ ਸਮਝਿਆ। ਆਪਾ ਵਾਰਨਾ ਹੀ ਸੱਚੀ ਪਾਤਸ਼ਾਹੀ।।

ਬੇਸ਼ਕ ਤੇਰੀ ਸੰਸਾਰਕ ਅਕਲ ਇਹ ਸੁਨੇਹਾ ਸੁਣ ਚਕ੍ਰਾਏਗੀ, ਤੈਨੂੰ ਭਾਣਾ ਮੰਨਣਾ

ਕੰਮ ਹਿੰਮਤੀ ਸਹਾਰਨ ਬੁਜ਼ਦਿਲੀ ਤੇ ਆਪਾ ਵਾਰਨਾ ਉੱਕਾ ਨਾਸ ਨਜ਼ਰ ਪਏਗਾ। ਪਰ ਇਹ ਉਦੋਂ ਤਕ ਹੀ ਹੈ, ਜਦ ਤਕ ਕਰਨਾਨਹੀਂ ਅਰੰਭਿਆ।।

ਪੰਛੀ ਦਾ ਬੱਚਾ ਜਦੋਂ ਜਵਾਨ ਹੁੰਦਾ ਹੈ,ਖੌਲ੍ਹਕੇ ਨਹੀਂ ਉਡਦਾ, ਜਿਮੀਂ ਤੋਂ ਉਠਦਾ ਹੈ ਫਿਰ ਡਰਕੇ ਹੇਠਾਂ ਆ ਜਾਂਦਾ ਹੈ ਉਹਦਾ ਖਿਆਲ ਹੈ, ਜਿਮੀਂ ਛੱਡਾਂਗਾ ਤਾਂ ਮਰ ਜਾਵਾਂਗਾ। ਹੇ ਪੰਛੀ ਇਹ ਜਿਮੀਂ ਤੇਰਾ ਅਸਲੀ ਘਰ ਨਹੀਂ, ਤੇਰਾ ਵਾਸ ਆਕਾਸ਼ ਵਿਚ ਹੈ। ਇਕੇਰਾਂ ਖੰਭ ਖਿਲਾਰ ਨਿਡਰ ਹੋ ਕੇ ਉਡਾਰੀ ਲੈ, ਜਿਉਂ ਜਿਉਂ ਉਡੇਂਗਾ ਨਿਰਬਲ ਖੰਭ ਤਕੜੇ ਹੋਣਗੇ। ਆਕਾਸ਼ਾਂ ਵਿਚ ਰਹਿੰਦਾ ਹੋਇਆ ਫਿਰ ਜ਼ਮੀਨ ਦਾ ਭੀ ਰਸ ਲੈ, ਓਹ ਰਸ ਤੈਨੂੰ ਹੋਰ ਹੀ ਹੋਵੇਗਾ।।

ਪਾਠਕ ! ਤੂੰ ਭੀ ਪੰਛੀ ਹੈਂ, ਤੂੰ ਭੁਲ ਨਾਲ ਸਮਝ ਬੈਠਾ ਹੈਂ ਕਿ ਤੇਰੇ ਖੰਭ ਨਹੀਂ। ਤੈਨੂੰ ਤੇਰੀ ਭੁਲ ਦੱਸਣ ਲਈ ਅਜ ਓਹ ਦੁਨੀਆਂ ਵਿਚ ਆਇਆ, ਜੇਹੜਾ ਦਿਮਣ ਵਿਚ ਤੇਰੇ ਜਿਹਾ ਸੀ ਪਰ ਖੰਭਾਂ ਦਾ ਭੀ ਜਾਣੂ ਸੀ। ਪ੍ਰੇਮ ਦੇ ਹੁਲਾਰੇ ਵਿਚ ਉਡਦਾ ਤੈਨੂੰ ਰਾਹ ਦੱਸ ਗਿਆ ਹੈ। ਅਜ ਭੋਲਿਯਾ ! ਇਕੋ ਹੀ ਚਾ ਉਡਾਰੀ ਲੈ, ਕੇਵਲ ਇਕੋ ਹੀ।।

# ਸ਼ੇਖ਼ ਫਰੀਦ ਜੀ ਦੀ ਬਾਣੀ

—ਅਚਾਰੀਆ ਰਜਨੀਸ਼ ਦੀਆਂ ਟਿੱਪਣੀਆਂ

ਸ਼ੇਖ਼ ਫਰੀਦ ਪ੍ਰੇਮ ਦੇ ਰਾਹੀਂ ਹਨ, ਅਤੇ ਜਿਸ ਤਰ੍ਹਾਂ ਦਾ ਪ੍ਰੇਮ ਦਾ ਗੀਤ ਫਰੀਦ ਨੇ ਗਾਇਆ ਹੈ, ਉਹੋ ਜਿਹਾ ਕਿਸੇ ਨੇ ਨਹੀਂ ਗਾਇਆ। ਕਬੀਰ ਵੀ ਪ੍ਰੇਮ ਦੀ ਗੱਲ ਕਰਦੇ ਹਨ, ਲੇਕਿਨ ਧਿਆਨ ਦੀ ਵੀ ਗੱਲ ਕਰਦੇ ਹਨ। ਦਾਦੂ ਵੀ ਪ੍ਰੇਮ ਦੀ ਗੱਲ ਕਰਦੇ ਹਨ, ਪਰ ਧਿਆਨ ਦੀ ਗੱਲ ਨੂੰ ਬਿਲਕੁਲ ਭੁੱਲ ਨਹੀਂ ਜਾਂਦੇ। ਫਰੀਦ ਨੇ ਸ਼ੁੱਧ ਪ੍ਰੇਮ ਦੇ ਗੀਤ ਗਾਏ ਹਨ, ਧਿਆਨ ਦੀ ਗੱਲ ਨਹੀਂ ਕੀਤੀ ਹੈ, ਪ੍ਰੇਮ ਵਿੱਚ ਹੀ ਧਿਆਨ ਜਾਣਿਆ ਹੈ। ਇਸ ਲਈ ਪ੍ਰੇਮ ਦੀ ਇੰਨੀ ਸ਼ੁੱਧ ਕਹਾਣੀ ਕਿਤੇ ਹੋਰ ਨਹੀਂ ਮਿਲੇਗੀ।

ਜਿਸ ਪ੍ਰੇਮ ਦੀ ਫਰੀਦ ਗੱਲ ਕਰ ਰਿਹਾ ਹੈ, ਉਹ ਤਾਂ ਤਦੇ ਪੈਦਾ ਹੁੰਦਾ ਹੈ ਜਦ ਤੁਸੀਂ ਮਿਟ ਜਾਂਦੇ ਹੋ। ਜਿਸ ਪ੍ਰੇਮ ਦੀ ਫਰੀਦ ਗੱਲ ਕਰ ਰਿਹਾ ਹੈ, ਉਹ ਅਜਿਹਾ ਪ੍ਰੇਮ ਹੈ, ਜਿੱਥੇ ਤੁਸੀਂ ਦੂਜੇ ਨੂੰ ਆਪਣੀ ਮਲਕੀਅਤ ਦੇ ਦਿੰਦੇ ਹੋ, ਜਿੱਥੇ ਤੁਸੀਂ ਆਪਣੀ ਇੱਛਾ ਨਾਲ ਸਮ੍ਰਿਪਤ ਹੋ ਜਾਂਦੇ ਹੋ। ਮਨੁੱਖ ਅਤੇ ਮਨੁੱਖ ਦੇ ਵਿਚਕਾਰ ਪ੍ਰੇਮ ਸੀਮਿਤ (ਹੱਦਬੰਦੀ ਵਿਚ) ਹੀ ਹੋਏਗਾ। ਸਾਧਾਰਣ ਪ੍ਰੇਮ ਬਿਨਾਂ ਸ਼ਰਤ ਤੋਂ ਨਹੀਂ ਹੋ ਸਕਦਾ।

ਗੁਰੂ ਪੂਰਬ ਦੀ ਨਿਰਾਲੀ ਖੋਜ ਹੈ। ਪੱਛਮ ਇਸ ਰਾਜ ਤੋਂ ਵਾਂਝਾ ਹੀ ਰਹਿ ਗਿਆ ਹੈ। ਉਸਨੂੰ ਗੁਰੂ ਦਾ ਕੋਈ ਪਤਾ ਨਹੀਂ ਉਹ ਪੱਖ ਜਾਣਿਆ ਹੀ ਨਹੀਂ ਪੱਛਮ ਨੇ।

ਗੁਰੂ ਅਤੇ ਸ਼ਿਸ਼ ਦਾ ਅਰਥ ਹੈ—ਕੋਈ ਅਜਿਹਾ ਮਨੁੱਖ ਜਿਸ ਦੇ ਅੰਦਰੋਂ ਤੁਹਾਨੂੰ ਪ੍ਰਮਾਤਮਾ ਦੀ ਝਲਕ ਮਿਲੀ, ਜਿਸਦੇ ਅੰਦਰ ਤੁਸੀਂ ਆਕਾਸ਼ ਵੇਖਿਆ, ਜਿਸਦੀ ਖਿੜਕੀ 'ਚੋਂ ਤੁਸੀਂ ਵਿਰਾਟ ਵਿਚ ਝਾਕਿਆ।

ਜਿਸ ਪ੍ਰੇਮ ਦੀ ਫਰੀਦ ਗੱਲ ਕਰ ਰਹੇ ਹਨ, ਉਸਦੀ ਝਲਕ ਤੁਹਾਨੂੰ ਕਦੇ ਗੁਰੂ ਦੇ ਕੋਲ ਮਿਲੇਗੀ। ਗੁਰੂ ਦੀ ਪਰਿਭਾਸ਼ਾ ਇਹ ਹੈ ਕਿ ਜਿੱਥੇ ਤੁਹਾਨੂੰ ਵਿਰਾਟ ਦੀ ਥੋੜ੍ਹੀ ਜਿਹੀ ਵੀ ਝਲਕ ਮਿਲ ਜਾਏ, ਜਿਸ ਬੂੰਦ ਵਿਚ ਤੁਹਾਨੂੰ ਸਾਗਰ ਦਾ ਥੋੜ੍ਹਾ ਜਿਹਾ ਵੀ ਸੁਆਦ ਮਿਲੇ, ਜਿਸ ਬੀਜ ਵਿਚ ਤੁਹਾਨੂੰ ਉਮੀਦਾਂ ਦੇ ਫੁੱਲ ਖਿੜਦੇ ਹੋਏ ਵਿਖਾਈ ਪੈਣ।

ਜੇਕਰ ਠੀਕ ਸਮਝੋ ਤਾਂ ਗੁਰੂ ਉੱਤੇ ਭਰੋਸਾ, ਆਪਣੀ ਹੀ ਜੀਵਨ ਦਸ਼ਾ ਦੀ ਉਚਾਈ ਵਿੱਚ ਹੋਈਆਂ ਅਨੁਭੂਤੀਆਂ (ਅਨੁਭਵ)ਤੇ ਭਰੋਸਾ ਹੈ। ਲੋਕ ਕਹਿੰਦੇ ਹਨ ਮੰਦਰ ਵਿੱਚ ਜਾਓ ਅਤੇ ਝੁਕੋ ਅਤੇ ਮੈਂ ਤੁਹਾਨੂੰ ਕਹਿੰਦਾ ਹਾਂ ਜਿੱਥੇ ਤੁਹਾਡਾ ਝੁਕਣਾ ਹੋ ਜਾਏ ਉਥੇ ਹੀ ਸਮਝ ਲੈਣਾ ਮੰਦਰ ਹੈ। ਗੁਰੂ ਦੇ ਕੋਲ ਕੋਈ ਮੰਗ ਨਹੀਂ ਹੈ।

ਗੁਰੂ ਦੇ ਕੋਲ ਪ੍ਰੇਮ ਦਾ ਪਹਿਲਾ ਪਾਠ ਸਿੱਖਣਾ ਹੈ, ਬੇ-ਸ਼ਰਤ ਹੋਣਾ ਸਿੱਖਣਾ ਹੈ, ਝੁਕਣਾ ਅਤੇ ਆਪਣੇ ਆਪ ਨੂੰ ਮਿਟਾਉਣਾ ਸਿੱਖਣਾ ਹੈ। ਮੰਗਣਾ ਨਹੀਂ। ਮਨ ਬਹੁਤ ਮੰਗ ਕਰੀ ਚਲਾ ਜਾਏਗਾ, ਮਨ ਭਿੱਖ ਮੰਗਦਾ ਹੈ। ਸਮਰਾਟ ਦਾ ਮਨ ਵੀ ਭਿਖਾਰੀ ਹੈ। ਉਹ ਵੀ ਮੰਗਦਾ ਹੈ।

ਫਰੀਦ ਜਦ ਪ੍ਰੇਮ ਦੀ ਗੱਲ ਕਰੇ ਤਾਂ ਯਾਦ ਰੱਖਣਾ ਇਹ ਸੋਚ-ਵਿਚਾਰ ਵਾਲਾ ਪ੍ਰੇਮ ਨਹੀਂ ਹੈ; ਇਹ ਭਾਵ ਦਾ ਪ੍ਰੇਮ ਹੈ। ਵਿਚਾਰ ਤਾਂ ਦਰੱਖ਼ਤਾਂ ਵਿਚ ਲੱਗੇ ਹੋਏ ਪੱਤਿਆਂ ਦੇ ਵਾਂਗ ਹਨ। ਭਾਵ ਦਰੱਖ਼ਤਾਂ ਦੇ ਹੇਠਾਂ ਲੁਕੀਆਂ ਹੋਈਆਂ ਜੜ੍ਹਾਂ ਦੇ ਵਾਂਗ ਹਨ। ਫ਼ਰੀਦ ਦਾ ਪ੍ਰੇਮ ਭਾਵ ਦਾ ਪ੍ਰੇਮ ਹੈ। ਫ਼ਰੀਦ ਜਿਸ ਪ੍ਰੇਮ ਦੀ ਗੱਲ ਕਰੇਗਾ, ਉਹ ਭਾਵ ਹੈ। ਭਾਵ ਨੂੰ ਨੂੰ ਸਿਖਾਉਣ ਦਾ ਕੋਈ ਉਪਾਇ ਨਹੀਂ ਹੈ ; ਸਿਰਫ ਥੋੜ੍ਹਾ ਬੁੱਧੀ ਨੂੰ ਸਿਥਿਲ (ਢਿੱਲਾ) ਕਰਨ ਦੀ ਗੱਲ ਹੈ। ਭਾਵ ਸਦਾ ਤੋਂ ਮੌਜੂਦ ਹੈ; ਤੁਸੀਂ ਲੈ ਕੇ ਆਏ ਹੋ; ਭਾਵ ਤੁਹਾਡੀ ਆਤਮਾ ਹੈ।

ਹੁਣ ਫ਼ਰੀਦ ਦੇ ਇਹਨਾਂ ਬਚਨਾ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

'ਬੋਲੈ ਸ਼ੇਖੁ ਫ਼ਰੀਦੁ ਪਿਆਰੇ ਅਲਹ ਲਗੇ।'

ਇਸ ਲਈ ਮੈਂ ਫ਼ਰੀਦ ਦੇ ਵਚਨ ਦਾ ਅਰਥ ਕਰਦਾ ਹਾਂ 'ਪਿਆਰੇ ਅਲਹ ਲਗੇ' ਤੂੰ ਅੱਲ੍ਹ ਨਾਲ ਲਗ ਜਾ। ਹੁਣ ਅੱਲ੍ਹਾ ਨਾਲ ਲਗ ਜਾਣਾ ਇਸ ਦਾ ਅਰਥ ਕੀ ਹੋਏਗਾ ? ਉਹ ਹੀ ਅਰਥ ਹੋਏਗਾ ਕਿ ਚੌਹਾਂ ਪਾਸਿਆਂ ਤੋਂ ਅਸਤਿੱਤਵ ਨੇ ਘੇਰਿਆ ਹੋਇਆ ਹੈ, ਅੱਲ੍ਹਾ ਨੇ ਤੈਨੂੰ ਘੇਰਿਆ ਹੋਇਆ ਹੈ। ਤੂੰ ਹੀ ਅਲੱਗ-ਥਲੱਗ ਹੈ. ਅੱਲ੍ਹਾ ਤਾਂ ਲਗਿਆ ਹੀ ਹੋਇਆ ਹੈ ਤੂੰ ਵੀ ਲੱਗ ਜਾ। ਅੱਲ੍ਹਾ ਨੇ ਤਾਂ ਤੈਨੂੰ ਇਸੇ ਤਰ੍ਹਾਂ ਵੀ ਘੇਰਿਆ ਹੋਇਆ ਹੈ ਜਿਵੇਂ ਮੱਛੀ ਨੂੰ ਸਾਗਰ ਨੇ ਘੇਰਿਆ ਹੈ। ਅੱਲ੍ਹਾ ਤਾਂ ਤੇਰੇ ਨਾਲ ਲਗਿਆ ਹੀ ਹੋਇਆ ਹੈ, ਕਿਉਂਕਿ ਅੱਲ੍ਹਾ ਨਾ ਲਗਿਆ ਹੋਵੇ ਤਾਂ ਤੂੰ ਬਚ ਹੀ ਨਹੀਂ ਸਕੇਂਗਾ, ਇਕ ਛਿਣ (ਪਲ) ਨਾ ਜੀਏਂਗਾ, ਸੁਵਾਸ ਵੀ ਨਹੀਂ ਚਲੇਗੀ, ਹਿਰਦੇ ਵੀ ਨਹੀਂ ਧੜਕੇਗਾ। ਉਹ ਤਾਂ ਅੱਲ੍ਹਾ ਤੇਰੇ ਨਾਲ ਲਗਿਆ ਹੋਇਆ ਹੈ। ਇਸ ਲਈ ਤੂੰ ਧੜਕਦਾ ਹੈ। ਚਲਦਾ ਹੈਂ ਸੁਵਾਸ ਹੈ, ਜੀਵਨ ਹੈ। ਤੂੰ ਗਲਤ ਵੀ ਹੋ ਜਾਏਂ ਤਾਂ ਵੀ ਅੱਲ੍ਹਾ ਲਗਿਆ ਹੋਇਆ ਹੈ, ਚੋਰ ਵੀ ਹੋ ਜਾਵੇ, ਹਤਿਆਰਾ ਵੀ ਹੋ ਜਾਵੇ ਤਾਂ ਵੀ ਅੱਲ੍ਹਾ ਲੱਗਿਆ ਹੋਇਆ ਹੈ ਕਿਉਂਕਿ ਅੱਲ੍ਹਾ ਤੋਂ ਬਗੈਰ ਹਤਿਆਰਾ ਵੀ ਸਾਹ ਨਹੀਂ ਲੈ ਸਕੇਗਾ, ਚੋਰ ਦਾ ਦਿਲ ਵੀ ਨਹੀਂ ਧੜਕੇਗਾ। ਬੁਰੇ ਹੋ ਜਾਂ ਭਲੇ, ਅੱਲ੍ਹਾ ਚਿੰਤਾ ਨਹੀਂ ਕਰਦਾ, ਉਹ ਲੱਗਾ ਹੀ ਹੋਇਆ ਹੈ।

'ਆਜੁ ਮਿਲਾਵਾ ਸ਼ੇਖੁ' ਇਹ ਵਚਨ ਮੈਨੂੰ ਬਹੁਤ ਪਿਆਰਾ ਰਿਹਾ ਹੈ। ਇਹ ਬਹੁਤ ਅਨੂਠਾ ਹੈ। ਸ਼ੇਖ ਫ਼ਰੀਦ ਕਹਿੰਦੇ ਹਨ। ਅੱਜ ਹੀ ਹੋ ਸਕਦਾ ਹੈ ਮਿਲਨ। ਇਹ ਬਹੁਤ ਹਿੰਮਤ ਵਾਲੇ ਫਕੀਰਾਂ ਨੇ ਅਜਿਹੀ ਗੱਲ ਕਹੀ ਹੈ।

ਆਜੁ ਮਿਲਾਵਾ ਸ਼ੇਖੁ - ਅੱਜ ਉਸ ਪ੍ਰੀਤਮ ਨਾਲ ਮਿਲਨ ਹੋ ਸਕਦਾ ਹੈ। ਕਰਨਾ ਕੀ ਹੈ ? ਬਸ ਇਕ ਨਿੱਕੀ ਜਿਹੀ ਗੱਲ ਕਰਨੀ ਹੈ : 'ਕੁੰਜੜੀਆਂ ਮਨਹੁ ਮਚਿੰਦੜੀਆਂ'— ਇਹ ਜਿਹੜਾ ਮਨ 'ਚ ਵਿਚਾਰਾਂ ਨਾ ਅਤੇ ਭਾਵਾਂ ਦਾ ਸ਼ੋਰਗੁਲ (ਰੌਲਾ-ਰੱਪਾ) ਮੱਚਿਆ ਹੈ, ਇਹ ਸਿਰਫ ਬੰਦ ਹੋ ਜਾਏ।

ਸ਼ੇਖ, ਜੇਕਰ ਤੂੰ ਉਨ੍ਹਾਂ ਭਾਵਨਾਵਾਂ ਨੂੰ ਕਾਬੂ ਕਰ ਲਵੇਂ ਜਿਹੜੀਆਂ ਤੇਰੇ ਮਨ ਨੂੰ ਬੇਚੈਨ ਕਰ ਰਹੀਆਂ ਹਨ...। ਉਹ ਜਿਹੜੇ ਤੇਰੇ ਭਾਵ, ਤੇਰੇ ਵਿਚਾਰ ਅਤੇ ਉਨ੍ਹਾਂ ਦੀਆਂ ਜੋ ਤਰੰਗਾਂ, ਝੰਝਾਵਾਤ ਅਤੇ ਉਹਾਪੋਹ (ਝੰਜਟ-ਰੌਲਾ-ਰੱਪਾ ਆਦਿ) ਤੇਰੇ ਅੰਦਰ ਮਚਿਆ ਹੈ – ਬੱਸ ਉਸਨੂੰ ਤੂੰ ਸ਼ਾਂਤ ਕਰ ਲੈ।

ਉਸਨੂੰ ਸ਼ਾਂਤ ਕਰਨ ਦੇ ਦੋ ਢੰਗ ਹਨ।

ਇੱਕ ਢੰਗ ਧਿਆਨ ਹੈ।

ਧਿਆਨ ਸ਼ੁੱਧ ਵਿਗਿਆਨ ਹੈ ਕਿ ਤੁਸੀਂ ਵਿਗਿਆਨਿਕ ਆਧਾਰ ਉਤੇ ਮਨ ਦੀਆਂ ਤਰੰਗਾਂ ਨੂੰ ਇਕ ਦੇ ਬਾਅਦ ਇਕ ਸ਼ਾਂਤ ਕਰਦੇ ਚਲੇ ਜਾਂਦੇ ਹੋ। ਲੇਕਿਨ ਧਿਆਨ ਦਾ ਰਾਹ ਰੇਗਿਸਤਾਨ ਦਾ ਰਸਤਾ ਹੈ। ਉਥੇ ਛਾਂ ਵਾਲੇ ਦਰਖ਼ਤ ਨਹੀਂ ਹਨ। ਮਰੂਧਾਨ (ਉਪਜਾਊ ਧਰਤੀ) ਨਹੀਂ ਹੈ। ਉਥੇ ਚੌਹੀਂ ਪਾਸੀਂ ਫੁੱਲ ਹਰਿਆਲੀ ਨਹੀਂ ਹੈ, ਪੰਛੀਆਂ ਦੇ ਗੀਤ ਨਹੀਂ ਗੂੰਜਦੇ ਅੰਤਹੀਣ ਰੇਤ ਦਾ ਵਿਸਥਾਰ ਹੈ—ਤੱਪਤ-ਉੱਤਪਤ ! ਧਿਆਨ ਦਾ ਮਾਰਗ ਸੁੱਕਾ ਹੈ, ਹਿਸਾਬ ਦਾ ਹੈ।

ਦੂਜਾ ਰਾਹ ਹੈ ਪ੍ਰੇਮ ਹੈ, ਕਿ ਤੁਸੀਂ ਏਨੇ ਪ੍ਰੇਮ ਨਾਲ ਭਰ ਜਾਓ ਕਿ ਤੁਹਾਡੇ ਜੀਵਨ ਦੀ ਸਾਰੀ ਊਰਜਾ ਪ੍ਰੇਮ ਬਣ ਜਾਏ, ਤਾਂ ਜਿਹੜੀ ਊਰਜਾ ਭਾਵਨਾਂ ਹਣ ਰਹੀ ਸੀ, ਵਿਚਾਰ ਬਣ ਰਹੀ ਸੀ, ਤਰੰਗਾਂ ਬਣ ਰਹੀ ਸੀ। ਉਹ ਖਿੱਚ ਆਏ ਅਤੇ ਸਾਰੀ ਪ੍ਰੇਮ ਵਿਚ ਨਿਯੋਜਿਤ (ਸ਼ਾਮਿਲ) ਜੋ ਜਾਏ।

('ਅਕੱਥ ਕਹਾਣੀ ਪ੍ਰੇਮ ਕੀ' ਵਿਚੋਂ)

# ਰਾਗ ਬਿਲਾਵਲ

—ਜੀ. ਐਸ. ਸਰਦਾਰ
1/98 ਰਾਜਿੰਦਰ ਨਗਰ ਨਵੀਂ ਦਿੱਲੀ

**ਜਾਣਕਾਰੀ**—ਬਿਲਾਵਲ ਥਾਟ ਦਾ ਰਾਗੁ ਹੈ। ਇਸ ਦੇ ਕਈ ਪ੍ਰਕਾਰ ਹਨ। ਸ਼ੁਧ ਬਿਲਾਵਲੁ ਅਲਾਹੀਆ ਬਿਲਾਵਲੁ, ਸ਼ੁਕਲ ਬਿਲਾਵਲੁ ਆਦਿ। ਅਸੀਂ ਸ਼ੁਧ ਬਿਲਵਲ ਦੀ ਬੰਦਿਸ਼ ਲਿਖ ਰਹੇ ਹਾਂ। ਇਸ ਵਿਚ ਸਤ ਸੁਰ ਸ਼ੁਧ ਲਗਦੇ ਹਨ। ਆਰੋਹੀ ਵਿਚ 'ਮ' ਸੁਰ ਬਹੁਤ ਘਟ ਲਗਦਾ ਹੈ। ਅਵਰੋਹੀ ਵਿਚ ਥੋੜਾ 'ਨੀ' ਕੋਮਲ ਵੀ ਲਗਾ ਦੇਂਦੇ ਹਨ। ਇਹ ਰਾਗ ਦਿਨ ਦੇ ਪਹਿਲੇ ਪਹਿਰ ਵਿਚ ਗਾਇਆ ਜਾਂਦਾ ਹੈ।

**ਆਰੋਹ**—ਸ ਰੇ ਗ ਮ ਪ ਧ ਨਿ ਸਂ

**ਅਵਰੋਹ**—ਸਂ ਨਿ ਧ ਪ ਮ ਗ ਰੇ ਸ

(ਰਾਗੁ ਬਿਲਾਵਲੁ ਮਹਲਾ 5 (806)

ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥ ੧ ॥
ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥
ਕਵਨ ਸੁਮਤਿ ਜਿਤ ਪ੍ਰੀਤਮੁ ਪਾਵਉ ॥ ੧ ॥ ਰਹਾਉ ॥
ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥
ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥ ੨ ॥ ੧ ॥ ੯ ॥

**Translation :**– Under what auspicious conjunction with the Lord may I find union ?
This by contemplation of the Lord perpetually,
Each minute, with each winking of the eye, shall come. (1)
May i ever on the Lord's lotus feet meditate :
Which is the wisdom whereby the Beloved I may attain ?
(–Pause)
Lord ! Thy grace show,
That Nanak of the Lord may never be forgetfull (2) (1.19)

## ਰਾਗ ਬਿਲਾਵਲੁ ਤਿੰਨ ਤਾਲ ਮਾਤਰਾ 16

1 2 3 4 5 6 7 8 9 10 11 12 13 14 15 16

× 2 0 3

ਗ ਪ ਨਿ ਨਿ ਸਂ — ਸਂ ਸਂ
ਕ ਵ ਨ ਸੰ ਜੋ s ਗ ਮਿ

ਸਂ ਨਿ ਧ ਪ ਮ ਗ ਮ ਰੇ
ਲਉ s ਪ੍ਰ ਭ ਅ ਪ ਨੇ s

ਗ ਮ ਪ ਗ ਮ ਰੇ ਸ ਸ
ਪ ਲ ਪ ਲ ਨਿ ਮ ਖ ਸ

ਸਂ ਨਿ ਧ ਪ ਮ ਗ ਮ ਰੇ
ਦਾ s ਹਰਿ ਜ ਪ ਨੇ s

### ਅੰਤਰਾ–1

ਪ ਪ ਪ ਪ ਨਿ ਧ ਨਿ ਨਿ
ਚ ਰ ਨ ਕ ਮ ਲ ਪ੍ਰ ਭ

ਸਂ ਸਂ ਸਂ ਸਂ ਨਿ — ਸਂ —
ਕੇ s ਨਿ ਤ ਧਿਆ s ਵਉ s

ਸਂ ਨਿ ਧ ਪ ਮ ਗ ਮ ਰੇ
ਕ ਵ ਨ ਸੁ ਮ ਤ ਜਿ ਤ

ਗ ਮ ਪ ਗ ਮ ਰੇ ਸ —
ਪ੍ਰੀ s ਤ ਮ ਪਾ s ਵਉ s

### ਅੰਤਰਾ–2

ਪ — ਪ — ਸਂ ਸਂ ਸਂ ਸਂ
ਐ s ਸੀ s ਕਿ ਰ ਪਾ ਕ

ਸਂ ਰੇਂ ਗਂ ਰੇਂ ਸਂ ਰੇਂ ਸਂ ਸ
ਰਹੁ s ਪ੍ਰ ਭ ਮੇ s ਰੇ s

ਪ — ਪ — ਸਂ ਸਂ ਸਂ ਸਂ
ਐ s ਸੀ s ਕਿ ਰ ਪਾ ਕ

ਸਂ ਰੇਂ ਗਂ ਰੇਂ ਸਂ ਰੇਂ ਸਂ ਸਂ

ਰਹੁ s ਪ੍ਰ ਭ ਮੇ ਰੇ ਹ ਰਿ

ਸਂ ਨਿ ਧ ਪ ਮ ਗ ਮ ਰੇ

ਨਾ s ਨ ਕ ਬਿ ਸ ਰ ਨ

ਗ ਮ ਪ ਗ ਮ ਰੇ ਸ —

ਕਾ s ਹੂ s ਬੇ s ਰੇ s

# ਕੈਸੱਟ ਸਮੀਖਿਆ

## ਸੋ ਅਪਨੈ ਦੁਖਿ ਭਰਿਆ

ਹਰਚਰਨ ਸਿੰਘ,
173, ਪਾਰਕ ਸਟਰੀਟ,
ਕਲਕੱਤਾ-170017.

ਜੇ ਇਹ ਕਿਹਾ ਜਾਏ ਕਿ ਵਰਤਮਾਨ ਸਮੇਂ ਵਿਚ ਗੁਰਬਾਣੀ ਸੰਗੀਤ ਜਾਂ ਸ਼ਬਦ ਕੀਰਤਨ ਨੂੰ ਹਰਮਨ ਪਿਆਰਾ ਬਣਾਉਣ ਵਿਚ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਦੇ ਰਾਗੀ ਜਥੇ ਦਾ ਭਾਰੀ ਯੋਗਦਾਨ ਹੈ, ਤਾਂ ਇਹ ਅਤਿਕਥਨੀ ਨਹੀਂ ਹੋਵੇਗਾ। ਉਹਨਾਂ ਦੀਆਂ ਕੀਰਤਨ ਕੈਸੱਟਾਂ ਨਾ ਕੇਵਲ ਪ੍ਰੰਪਰਾਗਤ ਕੀਰਤਨ ਪ੍ਰੇਮੀਆਂ ਦੇ ਮਨਾਂ ਨੂੰ ਭਾਉਂਦੀਆਂ ਹਨ ਬਲਕਿ ਅੱਜ ਦੀ ਨੌਜਵਾਨ ਸਿੱਖ ਪੀੜ੍ਹੀ ਵੀ ਬੜੇ ਮਾਣ ਅਤੇ ਸ਼ੌਕ ਨਾਲ ਆਪ ਜੀ ਦੀਆਂ ਕੈਸੱਟਾਂ ਸੁਣਨ ਦੀ ਉਮੰਗ ਰੱਖਦੀ ਹੈ। ਇਹ ਬੜੀ ਪ੍ਰਸੰਨਤਾ ਦਾ ਵਿਸ਼ਾ ਹੈ ਕਿ ਅੱਜ ਹਰ ਸਿੱਖ ਪਰਿਵਾਰ ਵਿਚ ਆਪ ਜੀ ਦੀਆਂ ਕੈਸੱਟਾਂ ਵੇਖਣ ਨੂੰ ਮਿਲਦੀਆਂ ਹਨ ਅਤੇ ਆਪ ਜੀ ਦੀ ਲੋਕ-ਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਮਾਰੂਤੀ ਗੱਡੀਆਂ 'ਚੋਂ ਵੀ ਆਪ ਜੀ ਦੀ ਸੁਰੀਲੀ ਆਵਾਜ਼ ਸੁਣੀਂਦੀ ਮਿਲਦੀ ਹੈ।

ਇਸ ਗੱਲ ਦਾ ਸਿਹਰਾ ਵੀ ਆਪ ਜੀ ਦੇ ਸਿਰ ਜਾਂਦਾ ਹੈ ਕਿ ਆਪ ਨੇ ਕੈਸੱਟਾਂ ਵਿਚ ਚਲੀ ਆ ਰਹੀ ਕੀਰਤਨ ਘੱਟ ਅਤੇ ਕਥਾ ਜ਼ਿਆਦਾ ਦੀ ਪਿਰਤ ਨੂੰ ਠੱਲ ਪਾ ਕੇ ਨਿਰੋਲ ਕੀਰਤਨ ਦੀ ਪ੍ਰਥਾ ਦਾ ਆਰੰਭ ਕੀਤਾ ਹੈ। ਆਪ ਜੀ ਦਾ ਜਥਾ ਇਸ ਸਮੇਂ ਬੜੀਆਂ ਬੁਲੰਦੀਆਂ 'ਤੇ ਹੈ ਅਤੇ ਵਿਸ਼ਵ ਦੇ ਹਰ ਸਿੱਖ ਵਰਗ ਵਿਚ ਆਪ ਜੀ ਦੀ ਮੰਗ ਹੈ। ਪਰ ਅਫਸੋਸ ਹੈ ਕਿ ਉੱਤਮਤਾ ਅਤੇ ਕੀਰਤਨ ਕਲਾ ਦੀ ਵਿਧੀ ਪਖੋਂ, ਆਪ ਜੀ ਦੀਆਂ ਨਵੀਆਂ ਕੈਸੱਟਾਂ ਵਿਚ (ਸਟੇਜ ਦੇ ਕੀਰਤਨ ਵਿਚ ਨਹੀਂ) ਪਹਿਲਾਂ ਤੋਂ ਨਿਖਾਰ ਆਉਣ ਦੀ ਥਾਂ ਰਿਕੱਤਤਾ ਅਤੇ ਅਵੇਸਲੇਪਨ ਦਾ ਅਹਿਸਾਸ ਪ੍ਰਤੱਖ ਨਜ਼ਰ ਆਉਣ ਲੱਗ ਪਿਆ ਹੈ, ਜੋ ਕਿ ਆਪ ਜਿਹੇ ਚੋਟੀ ਦੇ ਰਾਗੀ ਜੱਥੇ ਲਈ ਨਾ ਹੀ ਉਚਿਤ ਹੈ ਅਤੇ ਨਾ ਹੀ ਅੱਛਾ ਸੰਕੇਤ।

ਹੱਥਲੀ ਕੈਸੱਟ 'ਸੋ ਅਪਨੈ ਦੁਖਿ ਭਰਿਆ'' ਕੁਝ ਸਮਾਂ ਪਹਿਲਾਂ 'ਸਰਬ ਸਾਂਝੀ ਗੁਰਬਾਣੀ' (ਟੈਕਸਲਾ ਟੀ.ਵੀ. ਦੁਆਰਾ ਰਿਲੀਜ਼ ਕੀਤੀ ਗਈ ਹੈ। ਇਸੇ ਕੰਪਨੀ ਨੇ ਕੁਝ ਸਾਲ ਪਹਿਲਾਂ ਆਪ ਜੀ ਦੀ ਕੈਸੱਟ ''ਮੈਂ ਦਸਿਹੋ ਮਾਰਗੁ ਸੰਤਹੋ'' ਰਿਲੀਜ਼ ਕਰਕੇ

ਕੀਰਤਨ ਸਰੋਤਿਆਂ ਦਾ ਦਿਲ ਜਿੱਤ ਲਿਆ ਸੀ। ਭਾਈ ਸਾਹਿਬ ਨੂੰ ਵੀ ਇਸ ਕੈੱਸਟ ਦੁਆਰਾ ਭਰਭੂਰ ਪ੍ਰਸਿੱਧੀ ਪਰਾਪਤ ਹੋਈ ਸੀ। ਇਸ ਕੈੱਸਟ ਵਿਚ ਆਪ ਜੀ ਨੇ ਆਪਣੀ ਕੀਰਤਨ ਕਲਾ ਦਾ ਬਾਖ਼ੂਬੀ ਪ੍ਰਦਰਸ਼ਨ ਕੀਤਾ ਸੀ।

ਸਮੀਖਿਆ ਹੇਠ ਕੈੱਸਟ ਵਿਚ ਭਾਈ ਸਾਹਿਬ ਨੇ ਪੰਜ ਸ਼ਬਦਾਂ ਦਾ ਗਾਇਨ ਕੀਤਾ ਹੈ। ਪਹਿਲਾ ਸ਼ਬਦ ਟਾਈਟਲ ਅਨੁਸਾਰ "ਜਿਸੁ ਮਾਨੁਖ ਪਹਿ ਕਰਉ ਬੇਨਤੀ, ਸੋ ਅਪਨੈ ਦੁਖਿ ਭਰਿਆ" ਦਾ ਗਾਇਨ ਹੈ। ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 497 ਉੱਪਰ ਅੰਕਿਤ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਨੂੰ ਰਾਗ ਗੂਜਰੀ ਵਿਚ ਉਚਾਰਣ ਕੀਤਾ ਹੈ। ਇਸ ਸ਼ਬਦ ਦੀ ਰਹਾਉ ਦੀ ਤੁਕ "ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ" ਹੈ। ਪਰ ਆਪ ਜੀ ਨੇ ਇਸ ਪੰਕਤੀ ਨੂੰ ਟੇਕ ਨਹੀਂ ਬਣਾਇਆ। ਇਹ ਸ਼ਬਦ ਤਾਲ ਦੀਪਚੰਦੀ ਨਿਬੱਧ ਹੈ, ਪਰੰਤੂ ਇਸ ਸ਼ਬਦ ਦੀ ਰੀਤ ਅੱਜ ਤੋਂ 40 ਸਾਲ ਪਹਿਲਾਂ ਦੀ ਉਸ ਫਿਲਮੀ ਧੁੰਨ 'ਤੇ ਆਧਾਰਿਤ ਹੈ ਜੋ ਅੱਜ ਵੀ ਵਿਆਹ-ਸ਼ਾਦੀਆਂ ਦੇ ਡੋਲੀ ਤੁਰਨ ਲਗਿਆਂ ਬੈਂਡ ਵਾਲੇ ਆਮ ਵਜਾਉਂਦੇ ਹਨ।

ਇਸ ਕੈੱਸਟ ਦੀ 'ਏ' ਸਾਈਡ ਦਾ ਦੂਜਾ ਸ਼ਬਦ ਹੈ "ਬਾਲੀ ਰੋਵੈ ਨਾਹਿ ਭਤਾਰੁ" "ਨਾਨਕ ਦੁਖੀਆ ਸਭੁ ਸੰਸਾਰ"। ਇਹ ਸ਼ਬਦ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤਾ ਹੋਇਆ ਹੈ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਰਾਮਕਲੀ ਦੀ ਵਾਰ ਅਧੀਨ ਪੰਨਾ 953-94 ਉਤੇ ਅੰਕਿਤ ਹੈ, ਭਾਈ ਸਾਹਿਬ ਨੇ ਇਸ ਸ਼ਬਦ ਦਾ ਗਾਇਨ ਰਾਗ ਯਮਨ ਵਿਚ ਕੀਤਾ ਹੈ ਅਤੇ ਇਹ ਕਹਿਰਵੇ ਤਾਲ ਵਿਚ ਨਿਬੱਧ ਹੈ। ਇਸ ਸ਼ਬਦ ਦਾ ਗਾਇਨ ਭਾਈ ਸਾਹਿਬ ਜੀ ਨੇ ਕਮਾਲ ਦੇ ਅੰਦਾਜ਼ ਵਿਚ ਕੀਤਾ ਹੈ। ਵਿਸ਼ੇਸ਼ ਕਰਕੇ ਜਦੋਂ ਆਪ ਜੀ ਅਸਥਾਈ ਦਾ ਆਰੰਭ "ਬਾਲੀ ਰੋਵੈ ਨਾਹਿ ਭਤਾਰੁ" ਨਾਲ ਕਰਦੇ ਹਨ ਤਾਂ ਸ਼ਬਦ ਦੀ ਇਹ ਤੁਕ ਦਿਲ ਦੀਆਂ ਡੂੰਘਾਈਆਂ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ।

'ਬੀ' ਸਾਈਡ ਦਾ ਪਹਿਲਾ ਸ਼ਬਦ "ਸਤਿਗੁਰ ਆਇਓ ਸਰਣਿ ਤੁਹਾਰੀ"। ਟੋਡੀ ਮਹਲਾ 5 ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 713 ਉੱਤੇ ਅੰਕਿਤ ਹੈ। ਭਾਈ ਸਾਹਿਬ ਨੇ ਇਸ ਸ਼ਬਦ ਨੂੰ ਗਾਉਣ ਲਗਿਆਂ ਰਹਾਉ ਦੀ ਪੰਕਤੀ ਦਾ ਹੀ ਪ੍ਰਯੋਗ ਕੀਤਾ ਹੈ ਅਤੇ ਕਹਿਰਵੇ ਤਾਲ ਵਿਚ ਨਿਬੱਧ ਆਪਣੀ ਬਣ ਚੁੱਕੀ ਵਿਲੱਖਣ ਸ਼ੈਲੀ ਵਿਚ ਹੀ ਇਸ ਸ਼ਬਦ ਦਾ ਗਾਇਨ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ।

'ਬੀ' ਸਾਈਡ ਦਾ ਦੂਜਾ ਸ਼ਬਦ 'ਸੋ ਸੁਖੁ ਮੋਕਉ ਸੰਤ ਬਤਾਵਹੁ, ਤ੍ਰਿਸਨਾ ਬੁਝੈ ਮਨੁ ਤ੍ਰਿਪਤਾਵਹੁ"। ਗਾਇਨ ਕਰਨ ਸਮੇਂ ਵੀ ਭਾਈ ਸਾਹਿਬ ਨੇ ਰਹਾਉ ਦੀ ਪੰਕਤੀ ਦਾ ਹੀ ਪਰਯੋਗ ਕੀਤਾ ਹੈ। ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 179 ਉੱਤੇ ਗਉੜੀ ਗੁਆਰੇਰੀ ਮਹਲਾ 5 ਅਧੀਨ ਅੰਕਿਤ ਹੈ। ਇਸ ਸ਼ਬਦ ਦੀ ਸ਼ਬਦਾਵਲੀ ਅਤੇ ਭਾਵ ਅਤਿ ਗੰਭੀਰ ਹਨ ਪਰ ਭਾਈ ਸਾਹਿਬ ਦੁਆਰਾ ਗਾਈ ਗਈ ਰੀਤ ਫਿਲਮੀ ਰੀਤ ਜ਼ਿਆਦਾ ਹੈ ਅਤੇ ਇਸ ਸ਼ਬਦ ਅਨੁਸਾਰ ਢੁਕਵੀਂ ਨਹੀਂ। ਇਹ ਸ਼ਬਦ ਜਿਹਨਾਂ

ਸਰੋਤਿਆਂ ਨੇ ਰਾਗ ਦੁਰਗਾ ਵਿਚ ਭਾਈ ਚਤਰ ਸਿੰਘ ਪਾਸੋਂ ਸੁਣਿਆ ਹੈ ਉਹੀ ਅੰਤਰ ਸਮਝ ਸਕਦੇ ਹਨ। ਅਜੋਕੇ ਕੀਰਤਨਕਾਰਾਂ ਨੂੰ ਕਿਸੇ ਵੀ ਸਬਦ ਦੀ ਰੀਤ ਘੜਨ ਸਮੇਂ ਸ਼ਬਦ ਦੀ ਗੰਭੀਰਤਾ ਅਤੇ ਅੰਤਰੀਵ ਭਾਵਾਂ ਵੱਲ ਉਚੇਚੇ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਗੁਰਬਾਣੀ ਅਤੇ ਸੰਗੀਤ ਦਾ ਸੁਮੇਲ ਬਹੁਤ ਆਵਸ਼ਕ ਹੈ।

ਕੈਸੱਟ ਦਾ ਅੰਤਲਾ ਸ਼ਬਦ "ਸੁਖੀਏ ਕਉ ਪੇਖੈ ਸਭ ਸੁਖੀਆ, ਰੋਗੀ ਕੈ ਭਾਣੈ ਸਭ ਰੋਗੀ" ਸੋਰਠਿ ਮਹਲਾ 5 ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਦੇ 610 ਸਫੇ 'ਤੇ ਅੰਕਿਤ ਹੈ। ਇਸ ਸ਼ਬਦ ਦੀ ਰਹਾਉ ਦੀ ਤੁਕ ਹੈ - "ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ, ਤਿਸ ਕੈ ਭਾਣੈ ਕੋਇ ਨਾ ਭੂਲਾ, ਜਿਨਿ ਸਗਲੋ ਬ੍ਰਹਮੁ ਪਛਾਤਾ", ਭਾਈ ਸਾਹਿਬ ਨੇ ਇਸ ਸ਼ਬਦ ਨੂੰ ਬੜੀ ਗੰਭੀਰਤਾ ਸਹਿਤ ਢੁਕਵੀਂ ਮੱਧ ਲਯ ਵਿਚ ਗਾ ਕੇ ਆਪਣੀ ਪ੍ਰਤਿਭਾ ਦੀ ਪਛਾਣ ਕਰਵਾਈ ਹੈ। ਕਹਿਰਵੇ ਤਾਲ ਵਿਚ ਨਿਬੰਧ ਇਸ ਸ਼ਬਦ ਨੂੰ ਵਾਰ-ਵਾਰ ਸੁਣਨ ਦੀ ਇੱਛਾ ਕਰਦੀ ਹੈ। ਇਹ ਸ਼ਬਦ ਵਰਤਮਾਨ ਸਮੇਂ ਬਹੁਤ ਹੀ ਘੱਟ ਰਾਗੀ ਸਿੰਘਾਂ ਪਾਸੋਂ ਸ੍ਰਵਣ ਕਰਨ ਨੂੰ ਮਿਲਦਾ ਹੈ। ਇਹ ਭਾਈ ਸਾਹਿਬ ਦੀ ਇਕ ਵਿਸ਼ੇਸ਼ਤਾ ਹੈ ਕਿ ਆਪ ਜੀ ਆਪਣੀ ਹਰ ਕੈਸੱਟ ਵਿਚ ਇਕ ਜਾਂ ਦੋ ਅਪ੍ਰਚੱਲਿਤ ਸ਼ਬਦਾਂ ਦਾ ਗਾਇਨ ਅਵਸ਼ ਕਰਦੇ ਰਹੇ ਹਨ। ਜੋ ਕਿ ਇਕ ਚੰਗੀ ਪਿਰਤ ਹੈ ਅਤੇ ਨਵੀਨ ਰਾਗੀ ਜਥਿਆਂ ਨੂੰ ਇਸ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ।

ਸਮੁਚੇ ਤੌਰ 'ਤੇ ਪੂਰੀ ਕੈਸੱਟ ਵਿਚ ਤਬਲੇ ਅਤੇ ਹਾਰਮੋਨੀਅਨ ਦਾ ਬਹੁਤ ਸੋਹਣਾ ਪ੍ਰਯੋਗ ਕੀਤਾ ਗਿਆ ਹੈ ਅਤੇ ਇਹ ਕਹਿਣਾ ਉਚਿਤ ਬਣਦਾ ਹੈ ਕਿ ਬਿਨਾਂ ਕਿਸੇ ਆਧੁਨਿਕ ਸਾਜ਼ ਦੀ ਵਰਤੋਂ ਕੀਤੇ ਭਾਈ ਸਾਹਿਬ ਕੇਵਲ ਆਪਣੀ ਸੁਰੀਲੀ ਆਵਾਜ਼, ਆਪਣੇ ਯੋਗ ਸਾਥੀਆਂ ਅਤੇ ਦੋ ਸਾਜ਼ਾਂ ਦੇ ਆਧਾਰ 'ਤੇ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਰੱਖਦੇ ਹਨ। ਪਰੰਤੂ ਇਸ ਕੈਸੱਟ ਨੂੰ ਸੁਣਨ ਮਗਰੋਂ ਮੁੜ-ਮੁੜ ਆਪ ਜੀ ਦੀਆਂ ਪਹਿਲੀਆਂ ਬਣੀਆਂ ਕੈਸੱਟਾਂ ਨੂੰ ਸੁਣਨ ਲਈ ਚਿਤ ਕਰਦਾ ਹੈ। ਆਸ ਹੈ ਭਵਿੱਖ ਵਿਚ ਭਾਈ ਸਾਹਿਬ ਹੋਰ ਵਧਿਆ ਕੈਸੱਟਾਂ ਦੁਆਰਾ ਆਪਣੇ ਕੀਰਤਨ ਪ੍ਰੇਮੀ ਸਰੋਤਿਆਂ ਨੂੰ ਨਿਵਾਜਣਗੇ।

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ :—

1. ਗੁਰੂ ਗੋਬਿੰਦ ਸਿੰਘ ਭਵਨ, ਮੱਧ ਮਾਰਗ, ਸੈਕਟਰ 15–ਏ, ਚੰਡੀਗੜ੍ਹ ।
2. ਗੁਰਦੁਆਰਾ ਸਾਹਿਬ, ਸੈਕਟਰ 11–ਏ, ਚੰਡੀਗੜ੍ਹ ।
3. ਗੁਰੂ ਨਾਨਕ ਬਾਲ ਆਸ਼ਰਮ,
   ਨੇੜੇ ਰਾਮਗੜ੍ਹੀਆ ਭਵਨ, ਸੈਕਟਰ 27, ਚੰਡੀਗੜ੍ਹ ।
4. ਗੁਰਦੁਆਰਾ ਸਾਚਾ ਧਨ, ਫੇਜ਼-3-ਬੀ-1, ਮੁਹਾਲੀ ।
5. ਗੁਰਦੁਆਰਾ ਸਾਹਿਬ, ਸੈਕਟਰ 38-ਬੀ, ਚੰਡੀਗੜ੍ਹ ।
6. ਭਾਈ ਸਮੁੰਦ ਸਿੰਘ, ਗੁਰਮਤਿ ਸੰਗੀਤ ਅਕੈਡਮੀ
   ਗੁਰੂ ਗੋਬਿੰਦ ਸਿੰਘ ਸਟੱਡੀ ਸਰਟਲ,
   ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ।
7. ਗੁਰਦੁਆਰਾ ਗੋਬਿੰਦਗੜ੍ਹ, ਵੀਰੋਵਾਲ, ਜ਼ਿਲਾ ਹੁਸ਼ਿਆਰਪੁਰ ।

# ਸੌ ਸਾਲ ਪੁਰਾਣੇ ਗਵਈਏ

— ਪ੍ਰੋ. ਪਿਆਰਾ ਸਿੰਘ ਪਦਮ

ਅੱਜ ਤੋਂ ਅਸੀਂ ਸੌ ਕੁ ਸਾਲ ਪਹਿਲਾਂ ਜੋ ਰਬਾਬੀ, ਰਾਗੀ ਤੇ ਢਾਡੀ ਸੱਜਣ ਸੰਗਤਾਂ ਨੂੰ ਗੁਰਮਹਿਮਾ ਤੇ ਗੁਰਸ਼ਬਦ ਸੁਣਾ ਕੇ ਨਿਹਾਲ ਕਰਦੇ ਸਨ— ਉਹਨਾਂ ਦੇ ਨਾਂ, ਪਤੇ ਤੇ ਸੇਵਾ ਫਲ ਆਦਿ ਦਾ ਵੇਰਵਾ 1900 ਈ: ਵਿਚ ਛਪੀ 'ਖਾਲਸਾ ਡਾਇਰੈਕਟਰੀ' ਵਿਚ ਦਿੱਤਾ ਹੋਇਆ ਹੈ ਜੋ ਕਿ ਉਦੋਂ ਖਾਲਸਾ ਟਰੈਕਟ ਸੁਸਾਇਟੀ ਨੇ ਆਪਣੇ ਟਰੈਕਟ ਨੰਬਰ 58 ਵਿਚ ਪ੍ਰਕਾਸ਼ਤ ਕੀਤੀ ਸੀ। ਪੰਜਾਬ ਦੀ ਸ਼ੰਗੀਤ-ਗਾਥਾ ਲਿਖਣ ਵਾਲਿਆਂ ਲਈ ਇਹ ਸਮੱਗਰੀ ਕੰਮ ਆਉਣ ਵਾਲੀ ਹੈ। ਜਿਸ ਕਰਕੇ ਇਹ ਸੂਚੀ ਇਥੇ ਦਿੱਤੀ ਜਾ ਰਹੀ ਹੈ।

ਪਹਿਲੇ ਅਸੀਂ 31 ਰਬਾਬੀਆਂ ਦੀ ਸੂਚੀ ਢਿੰਦੇ ਹਾਂ ਫਿਰ ਅਗਲੀ ਵਾਰ ਰਾਗੀਆਂ ਤੇ ਢਾਡੀਆਂ ਦਾ ਵੇਰਵਾ ਦਿਤਾ ਜਾਵੇਗਾ।

## (੧) ਫਹਰਿਸਤ ਰਬਾਬੀਆਂ ਦੀ

| ਨੰ: | ਨਾਮ ਜ਼ਿਲਾ ਵਗੈਰਾ | ਨਾਮ ਚੌਕੀ | ਨਾਮ ਚੌਕੀ ਦੇ ਮੁਖੀਏ ਦਾ | ਖਾਸ ਗੁਣ | ਸ਼ਬਦ ਭੇਂਟ ਅਰਦਾਸ ਦਾ ਵੇਰਵਾ | ਪਤਾ ਡਾਕ: |
|---|---|---|---|---|---|---|
| 1 | ਅੰਮ੍ਰਿਤਸਰ | ਚੌਕੀ ਅੰਮ੍ਰਿਤਸਰੀਆਂ | ਭਾਈ ਰਖਾ | ਸ਼ਬਦਾਂ ਦਾ ਗਾਉਣਾ | ੧ | ਕੂਚਾ ਸਰਦਾਰ ਰਣਯੋਧ ਸਿੰਘ |

| | | | | | | |
|---|---|---|---|---|---|---|
| | | | | ਸ੍ਰੀ ਦਰਬਾਰ ਸਾਹਿਬ | | ਚੌਂਕ ਪਾਸੀਆਂ ਸ੍ਰੀ ਅੰਮ੍ਰਿਤਸਰ |
| 2 | ,, | ਚਰਨ ਕੌਲੀਏ | ਭਾਈ ਮੇਹਰਾ ਤੇ ਖੇਰਾ | ,, | ੧ | ,, |
| 3 | ,, | ਭਾਈ ਰਾਊਕੀ | ਭਾਈ ਖੈਰਾ ਤੇ ਲਾਡਾ | ,, | ੧ | ,, |
| 4 | ,, | ਭਾਈ ਅਤਰੇ ਕੀ | ਭਾਈ ਅਤਰਾ | ,, | ੧ | ,, |
| 5 | ,, | ਸੌਦਰੀਏ ਦੀ | ਭਾਈ ਜੰਮੂ | ,, | ੧ | ,, |
| 6 | ,, | ਅਮੀਰੋ ਦੀ | ਭਾਈ ਮੇਹਰੂ | ,, | ੧ | ,, |
| 7 | ,, | ਸ਼ਕਾਰ ਪੁਰੀਆਂ ਦੀ | ਭਾਈ ਨਥੂ | ,, | ੧ | |
| 8 | ,, | ,, | ਭਾਈ ਖੈਰ | ਵਡਹੰਸ ਡਖਣੇ ਦੀ ਵਾਰ ਲਾਉਂਦੇ ਹਨ | ੧ | ,, |
| 9 | ,, | ਸੋਹਲੀਏ ਦੀ | ਭਾਈ ਈਦੂ | ,, | ॥ | ,, |
| 10 | ,, | ਖੰਡੂਰੀਆਂ ਦੀ | ਭਾਈ ਨਥੂ | ,, | ੧ | ,, |
| 11 | ,, | ਭਾਬੀ ਮੌਲੂ ਕੀ | ਭਾਈ ਮੌਲੂ | ਤਖਤ ਅਕਾਲ ਬੁੰਗੇ ਸਾਹਿਬ ਚੌਕੀ ਕਰਦਾ ਹੈ | ੧ | ,, |
| 12 | ,, | ਭਾਈ ਵਾਸੂ ਕੀ | ਭਾਈ ਵਾਸੂ | ਗੁਰੂ ਕੀ ਵਡਾਲੀ ਦਰਬਾਰ ਵਿਚ ਚੌਕੀ ਕਰਦੇ ਹੈਂ | ॥ | ਗੁਰੂ ਕੀ ਵਡਾਲੀ ਤਹਿਸੀਲ ਅੰਮ੍ਰਿਤਸਰ |
| 13 | ,, | ਭਾਈ ਸੁਲਤਾਨਾ ਕੀ | ਭਾਈ ਸੁਲਤਾਨੀ | ਖੰਡੂਰ ਸਾਹਿਬ ਦੇ ਦਰਬਾਰ | ਮੁਕੂਰ ਨਹੀਂ | ਖੰਡੂਰ ਸਾਹਿਬ ਤਹਿਸੀਲ |

| | | | | | | |
|---|---|---|---|---|---|---|
| | | | | ਦੇ ਰਬਾਬੀ | | ਤਰਨਤਾਰਨ |
| 14 | ,, | ਭਾਈ ਚੰਦੂ ਕੀ | ਭਾਈ ਚੰਦੂ | ਸੁਤਲਾਣੀ ਭਾਈ ਕੂੰਮਾਸਿੰਘ ਜੀ ਦੇ ਡੇਰੇ ਦੀ ਚੌਂਕੀ | ,, ,, | ਨਗਰ ਸੁਤਲਾਣੀ ਤਹਿਸੀਲ ਅੰਮ੍ਰਿਤਸਰ |
| 15 | ,, | ਭਾਈ ਸੁੰਦਰ ਕੀ | ਭਾਈ ਸੁੰਦਰ | ,, | ,, | ਕਸਬਾ ਅਟਾਰੀ ਤਹਿਸੀਲ ਤਰਨਤਾਰਨ |
| 16 | ,, | ਭਾਈ ਰੂੜੇ ਕੀ | ਭਾਈ ਰੂੜਾ | ,, | ,, | ਕਸਬਾ ਰਾਜਾ ਸਾਂਸੀ ਤਹਿਸੀਲ ਅਜਨਾਲਾ |
| 17 | ਸਿਆਲਕੋਟ | ਭਾਈ ਮੌਲੇ ਕੀ | ਭਾਈ ਮੌਲਾ | ,, | ,, | ਕਸਬਾ ਚੱਕਰਾਮ ਦਾਸ ਤਹਿਸੀਲ ਡਸਕਾ |
| 18 | ਗੁਜਰਾਂਵਾਲਾ | ਭਾਈ ਫਤੂ ਕੀ | ਭਾਈ ਫਤੂ | ,, | ,, | ਮੁਕਾਮਤੁੰਗ ਤਹਿ: ਗੁਜਰਾਂਵਾਲਾ |
| 19 | ਜੇਹਲਮ | ਭਾਈ ਦੀਏ ਕੀ | ਠਾਕੁਰ ਬੋਧਾ ਨੰਦ | ਸ਼ਬਦ ਕੀਰਤਨ | ॥ ਫੀ ਘੰਟਾ | ਕਸਬਾ ਪਿੰਡ ਦਾਦਨ ਖਾਂ |
| 20 | ਜਲੰਧਰ | ਭਾਈ ਹੀਰਾ ਕੀ | ਭਾਈ ਹੀਰਾ | ,, | ਮੁਕ਼ਰ ਨਹੀਂ | ਮੁਕਾਮ ਬੰਗਾ ਤਹਿ: ਨਵਾਂ ਸ਼ਹਿਰ |
| 21 | ,, | ਭਾਈ ਜੈਮਲ ਕੀ | ਭਾਈ ਜੈਮਲ | ,, | ,, | ਮੁਕਾਮ ਖਾਸ ਕਰਤਾਰਪੁਰ |
| 22 | ,, | ਭਾਈ ਮਹਿਮਦੂ ਕੀ | ਭਾਈ ਮਹਿਮਦੂ | ,, | ,, | ,, ,, ,, |
| 23 | ,, | ਭਾਈ ਮੰਦੂ ਕੀ | ਭਾਈ ਮੰਦੂ | ਕਰਤਾਰਪੁਰ ਗੁਰੂ ਕੇ ਰਬਾਬੀ ਹਨ | ,, | ,, ,, ,, |

| | | | | | | |
|---|---|---|---|---|---|---|
| 24 | ,, | ਭਾਈ ਫਤੇ ਸਿੰਘ ਰਬਾਬੀ ਕੀ | ਭਾਈ ਫਤੇ ਸਿੰਘ | ,, | ,, | ਮੁਕਾਮ ਧੁੜੇਤਾ ਜ਼ਿਲਾ ਜਲੰਧਰ ਤਹਿਸੀਲ ਫਿਲੌਰ |
| 25 | ਰਾਵਲ ਪਿੰਡੀ | ਭਾਈ ਲੁੜੀਂਦੇ ਕੀ | ਭਾਈ ਲੋੜੀਂਦਾ | ,, | । | ਮੁਕਾਮਸੁਖੋ ਜ਼ਿਲਾ ਰਾਵਲਪਿੰਡੀ ਤਹਿਸੀਲ ਗੁਜਰਖਾਨ |
| 26 | ,, | ਭਾਈ ਕਾਲੂ ਕੀ | ਭਾਈ ਕਾਲੂ | ,, | ੧੫ | ਮੁਕਾਮ ਪਸਰੂਰ ਡਾਕ: ਕੋਟਲੀ ਰਾਮਦਾਸ ਦੀ |
| 27 | ਲਾਹੌਰ | ਭਾਈ ਹੁਸੈਨੇ ਕੀ | ਭਾਈ ਹੁਸੈਨਾ ਮੌਲੂ | ਗੁਰੂ ਰਾਮਦਾਸ ਜੀ ਦੇ ਦਰਬਾਰ ਦੀ ਚੌਂਕੀ | ਮੁਤੂਰ ਨਹੀਂ | ਬਾਜ਼ਾਰ ਲੰਡੇ ਮੰਡੀ ਲਾਹੌਰ |
| 28 | ਗੁਜਰਾਂਵਾਲਾ | ਭਾਈ ਨਥੂ ਕਥੂ ਕੀ | ਭਾਈ ਨਥੂ | ਨਨਕਾਣੇ ਸਾਹਿਬ ਜੀ ਦੇ ਰਬਾਬੀ | ੧। | ਬਾਬਾ ਪਤਾਸਾ ਸਿੰਘ ਜੀ ਦੀ ਧਰਮੀ ਸਾਲਾਂ ਗੁਜਰਾਂਵਾਲਾ |
| 29 | ਲਾਹੌਰ | ਭਾਈ ਕਰਮੇ ਦੀ | ਭਾਈ ਕਰਮਾ | ,, | ੧ | ਮੁਤਸਿਲ ਤਾਲਾਬ ਨਲਕਿਆਂ ਵਾਲਾ ਲਾਹੌਰ |
| 30 | ,, | ਭਾਈ ਨਥੂ ਕੀ | ਭਾਈ ਨਥੂ | ,, | ੧ | ,, ,, |
| 31 | ,, | ਭਾਈ ਸਾਈਂਦਿਤੇ ਕੀ | ਭਾਈ ਸਾਈਂ ਦਿਤਾ | ,, | ੧ | ,, ,, |